# ਨਾਟਕ ਲੇਖੇ ਜ਼ਿੰਦਗੀ

*ਓ.ਐੱਨ. ਗਰਗ*

ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਵਿਚ ਹੀ ਚਿਤਵਿਆ ਕਿ ਵਿਸਾਖੀ ਵਾਲੇ ਦਿਨ ਜੱਟ ਮਾਰਦਾ ਦਮਾਮੇ ਮੇਲੇ ਆ ਗਿਆ, ਪਰ ਲੰਘੀ 14 ਅਪ੍ਰੈਲ ਨੂੰ ਅੱਖਾਂ ਨਾਲ ਦੇਖਿਆ ਜਾ ਸਕਦਾ ਸੀ ਕਿ ਚੰਡੀਗੜ੍ਹ ਦੇ ਪੰਜਾਬੀ, ਪੰਜਾਬ ਕਲਾ ਭਵਨ ਵਿਸਾਖੀ ਦਾ ਮੇਲਾ ਮਨਾਉਣ ਨਚਦੇ-ਟੱਪਦੇ, ਭੰਗੜੇ ਪਾਉਂਦੇ ਨਗਾੜੇ ਵਜਾਉਂਦੇ, ਗਾਉਂਦੇ, ਗਿੱਧੇ ਪਾਉਂਦੇ ਜਾ ਹੀ ਨਹੀਂ ਰਹੇ ਸਨ, ਸਗੋਂ ਪੰਜਾਬੀ ਰੰਗ-ਮੰਚ ਦੇ ਲੋਕ ਨਾਇਕ ਭਾ ਜੀ ਗੁਰਸ਼ਰਨ ਸਿੰਘ ਨੂੰ ਜਲੂਸ ਦੀ ਸ਼ਕਲ ਵਿਚ ਉਥੇ ਲਿਜਾ ਰਹੇ ਸਨ, ਤਾਂ ਕਿ ਉਨ੍ਹਾਂ ਨੂੰ ਜ਼ਿੰਦਗੀ ਭਰ ਦੀ ਥੀਏਟਰ ਲਈ ਕੀਤੀ ਘਾਲਣਾ ਲਈ ਸਨਮਾਨਿਆ ਜਾ ਸਕੇ। ਭਾਅ ਜੀ ਪ੍ਰਤੀਸ਼ਰਦਾ ਤੇ ਸਨਮਾਨ ਅਰਪਣ ਕੀਤਾ ਜਾ ਸਕੇ, ਪ੍ਰਗਟ ਕੀਤਾ ਜਾ ਸਕੇ। ਰਿਣੀ ਪੰਜਾਬੀਆਂ ਨੇ ਭਾਜੀ ਪ੍ਰਤੀ ਉਨ੍ਹਾਂ ਵੱਲੋਂ ਅੱਧੀ ਸਦੀ ਤੋਂ ਉਪਰ ਦੀ ਪੰਜਾਬ ਸਮਾਜ ਨੂੰ ਬਰਾਬਰੀ ਵਾਲਾ ਸੋਹਣਾ ਸਮਾਜ ਬਣਾਉਣ ਲਈ ਰੰਗਮੰਚ ਰਾਹੀਂ ਕੀਤੀ ਬੇਖੌਫ਼ ਘਾਲਣਾ ਲਈ ਦਿਲ ਖੋਲ ਕੇ ਮੋਹ ਪ੍ਰਗਟ ਕੀਤਾ ਤੇ ਅਣਪਤ ਪ੍ਰਗਟ ਕੀਤੀ।

ਪੰਜਾਬ ਕਲਾ ਪ੍ਰੀਸ਼ਦ ਆਪਣੇ ਵਿਹੜੇ ਵਿਚ ਪਹਿਲਾ ਵਿਸਾਖੀ ਮੇਲਾ ਮਨਾ ਰਹੀ ਸੀ ਤੇ ਆਪਣਾ ਪਲੇਠਾ ਪੁਰਸਕਾਰ ਭਾ ਜੀ ਗੁਰਸ਼ਰਨ ਸਿੰਘ ਨੂੰ ਭੇਂਟ ਕਰ ਰਹੀ ਸੀ। ਇਥੇ ਹਰ ਪਾਸੇ, ਹਰੇਕ ਨੁਕਰੇ ਪੰਜਾਬੀਅਤ ਛਾਈ ਹੋਈ ਸੀ, ਮਾਹੌਲ ਪੰਜਾਬੀ ਤੇ ਵਿਸਾਖੀ ਦੇ ਰੰਗ 'ਚ ਰੰਗਿਆ ਹੋਇਆ ਸੀ। ਪੰਜਾਬੀ ਹਾਸਰਸ, ਗੀਤ-ਸੰਗੀਤ ਤੇ ਰਵਾਇਤੀ ਸਾਜ਼ਾਂ ਦੀ ਗੂੰਜ ਸੁਣਦੀ ਸੀ ਚਾਰੇ ਪਾਸੇ। ਰਵਾਇਤੀ ਪੰਜਾਬੀ ਪੇਂਡੂ ਪਹਿਰਾਵੇ ਵਾਲੇ ਲੋਕਾਂ ਅਜਿਹੀ ਦਿੱਖ ਬਣਾ ਛੱਡੀ ਸੀ ਕਿ ਇਹ ਵਿਸਾਖੀ ਦਾ ਮੇਲਾ ਹੀ ਜਾਪਦਾ ਸੀ। ਪੰਜਾਬੀ ਖੁਸ਼ਦਿਲੀ, ਜ਼ਿੰਦਾਦਿਲੀ, ਖੁੱਲ੍ਹ ਦਿਲੀ ਤੇ ਵਿਸਾਖੀ ਵਾਲੀ ਚੜ੍ਹਦੀ ਕਲਾ ਦਾ ਮਾਹੌਲ ਸਿਰਜਿਆ ਹੋਇਆ ਸੀ। ਚਿੱਟੇ ਚਾਦਰੇ ਤੇ ਪੱਗਾਂ ਮਾਹੌਲ ਨੂੰ ਯਥਾਰਥਿਕਤਾ ਦੇ ਰਹੇ ਸਨ ਪੇਂਡੂ ਇਕੱਠਾਂ, ਸਦੀਆਂ ਤੋਂ ਮੇਲਿਆਂ ਤੇ ਇਨ੍ਹਾਂ ਦੀ ਹੋਂਦ ਸੁਰੱਖਿਆ ਤੇ ਵਡਿਆਈ ਦੀ ਲਖਾਇਕ ਹੁੰਦੀ ਹੈ। ਇਥੇ ਵੀ ਅਜਿਹਾ ਕੁਝ ਹੋਣ ਦਾ ਝਾਉਲਾ ਪੈਂਦਾ ਸੀ। ਇਨ੍ਹਾਂ ਦੀ ਸ਼ਮੂਲੀਅਤ ਸਦਕਾ ਪੋਥੀ ਵਾਲਾ ਹੱਥ 'ਚ ਪਤਰੀ ਫੜੀ ਬਿਰਾਜਮਾਨ ਸੀ ਇਥੇ। ਢਿੱਲੀਆਂ ਅੰਨਕਾਂ ਲਾਈ ਤੇ ਰਵਾਇਤੀ ਜਾਮੇ ਵਿਚ ਲਾਲਾ ਵੀ ਦਿਖਾਈ

ਦੇ ਰਿਹਾ ਸੀ। ਕਾਲੇ ਕੱਪੜੇ ਪਾਈ ਗੱਡੀਆਂ ਵਾਲੀ ਕਾਲੀ ਘੱਗਰੀ ਸਿਕਲੀ ਗਰਨੀ ਵੀ ਫਿਰਦੀ ਹਾਜ਼ਰ ਸੀ, ਕਿਉਂਕਿ ਇਥੇ ਇਕਾਸੀ ਸਾਲਾ ਭਾਅ ਜੀ ਗੁਰਸ਼ਰਨ ਸਿੰਘ ਦਾ ਜ਼ਿੰਦਗੀ ਭਰ ਦੀ ਥੀਏਟਰ ਤੇ ਲੋਕਾਂ ਪ੍ਰਤੀ ਕੀਤੀ ਘਾਲਣਾ ਸਦਕਾ ਸਨਮਾਨ ਹੋ ਰਿਹਾ ਸੀ। ਲਾਈਫਟਾਈਮ ਐਵਾਰਡ ਨਾਲ ਤੇ ਇਕ ਲੱਖ ਰੁਪਏ ਦੀ ਰਾਸ਼ੀ ਨਾਲ ਰੰਗ-ਕਰਮੀ ਹੁੰਮ-ਹੁਮਾ ਕੇ ਪਹੁੰਚੇ ਹੋਏ ਸਨ, ਅਜਿਹਾ ਕਰਨਾ ਹਰ ਰੰਗ ਕਰਮੀ ਆਪਣਾ ਫਰਜ਼ ਸਮਝਦਾ ਸੀ।

ਭਾ ਜੀ ਗੁਰਸ਼ਰਨ ਸਿੰਘ ਨੂੰ ਉਨ੍ਹਾਂ ਦੇ ਘਰੋਂ ਵਾਜੇ-ਗਾਜੇ ਨਾਲ ਸ਼ਹਿਨਾਈ ਤੇ ਬੀਨਾ ਦੀ ਤਾਨ ਥੱਲੇ ਪੰਜਾਬ ਕਲਾ ਭਵਨ ਲਿਜਾਇਆ ਗਿਆ। ਕਲਾ ਭਵਨ 'ਚ ਬੱਚਿਆ ਨੇ ਗੱਤਕੇ ਤੇ ਦਿਲਖਿੱਚਵੇਂ ਕਰੱਤਵਾਂ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਅੰਮ੍ਰਿਤਸਰ ਦੇ ਕਲਾਕਾਰਾਂ ਨੇ, ਬਠਿੰਡੇ ਦੇ ਮਲਵਈ ਲੋਕ ਕਲਾਕਾਰਾਂ ਨੇ ਆਪਣੀ-ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਗੁਰਮੀਤ ਬਾਵਾ ਦੀ ਲੰਮੀ ਉਚੀ ਹੇਕ 'ਚ ਮਿਰਜ਼ੇ ਦੇ ਗੌਣ ਦਾ ਲਾਹਾ ਖੱਟਿਆ ਦਰਸ਼ਕਾਂ ਨੇ। ਝੂਮ ਉਠੇ ਉਹ ਬਾਵਾ ਦੀ ਗਾਇਕੀ ਦੌਰਾਨ। ਜੁਗਨੀ ਗਾਈ ਗਈ ਤੇ ਰਵਾਇਤੀ ਲੋਕ ਸਾਜ ਸੁਣਾਏ ਗਏ ਤੇ ਲੋਕ ਗੀਤ ਤੇ ਕਿੱਸੇ, ਕਵੀਸ਼ਰੀਆਂ ਆਦਿ ਗਾਏ ਗਏ।

ਸਾਰੰਗ ਲੋਕ ਦੀ ਰਮਾ ਰਤਨ ਇਸ ਮੇਲੇ ਨੂੰ ਕਾਮਯਾਬ ਬਣਾਉਣ ਲਈ ਦਿਨ-ਰਾਤ ਇਕ ਕਰ ਰਹੀ ਸੀ। ਕਲਾ-ਪ੍ਰੀਸ਼ਦ ਦੀ ਚੇਅਰਪਰਸਨ ਸਰਦਾਰਨੀ ਹਰਜਿੰਦਰ ਕੌਰ ਮੁੱਖ ਮੇਲਨਣ ਬਣੀ ਨੱਚਦੀ, ਟੱਪਦੀ ਤੇ ਗਿੱਧਾ ਪਾਉਂਦੀ ਸੀ। ਹਰਜਿੰਦਰ ਕੌਰ ਕਹਿ ਰਹੀ ਸੀ ਕਿ ਪੰਜਾਬੀ ਕੁਲ ਆਲਮ ਦੀ ਸੁੱਖ ਮੰਗਦੇ ਹਨ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਦਾ ਭਲਾ, ਦੀ ਫਲਾਫਸੀ ਦੇ ਪੈਰੋਕਾਰ ਹਨ ਰੰਗ ਕਰਮੀ ਸੱਚੀ-ਮੁੱਚੀ ਦੇ ਲੋਕ ਨਾਇਕ ਹੁੰਦੇ ਹਨ। ਅੱਜ ਚੰਡੀਗੜ੍ਹ 'ਚ ਅੰਮ੍ਰਿਤਸਰ ਦਾ ਮੇਲਾ ਹੈ। ਸ਼ਬਦੀਸ਼ ਨੇ ਭਾ ਜੀ ਦਾ ਮੁਖਤਸਰ ਤੁਆਰਫ ਕਰਵਾਉਂਦੇ ਹੋਏ ਕਿਹਾ ਭਾਜੀ ਲੋਕਾ ਦਾ ਜੀਵਨ ਚੰਗੇਰਾ ਤੇ ਸੁੰਦਰ ਬਣਾਉਣ ਲਈ ਸੁਪਨੇ ਬੁਣਦੇ ਰਹੇ ਤੇ ਇਨ੍ਹਾਂ ਬਾਰੇ ਲੋਕਾਂ ਨੂੰ ਨਾਟਕਾਂ ਰਾਹੀ ਜਾਗਰੂਕ ਕਰਦੇ ਰਹੇ। ਸੁਨੇਹੇ ਦਿੰਦੇ ਰਹੇ, ਸੁਚੇਤ ਕਰਦੇ ਰਹੇ, ਉਹ ਆਪਣੇ ਸੁਪਨਿਆਂ ਦੀਆਂ ਬਾਤਾਂ ਪਾਉਂਦੇ ਰਹੇ। ਅਕਸਰ ਲੋਕ ਬਾਤਾਂ ਸੁਣਦੇ ਸੌਂ ਜਾਂਦੇ ਹਨ, ਪਰ ਭਾ ਜੀ ਦੀਆਂ ਬਾਤਾਂ ਲੋਕ ਵੀ ਸੁਣਦੇ ਰਹੇ। ਇਨ੍ਹਾਂ ਤੋਂ ਸੁਚੇਤ ਵੀਂ ਹੁੰਦੇ ਰਹੇ। ਸੁਨੇਹੇ ਲੈਂਦੇ ਰਹੇ। ਨਾਟਕਕਾਰ ਗੁਰਸ਼ਰਨ ਸਿੰਘ ਭਾ ਜੀ ਸਨਮਾਨ ਤੇ ਸਨਮਾਨ ਰਾਸ਼ੀ ਲੈਣ ਲਈ ਬੁਲਾਏ ਗਏ। ਉਨ੍ਹਾਂ ਸਿਰਫ਼ ਤਿੰਨ ਵਾਰੀ ਇਹ ਕਿਹਾ-ਮੇਰੇ ਲੋਕ ਜ਼ਿੰਦਾਬਾਦ ! ਇਹ ਸਨ ਨਾਟਕ ਦੇ ਬਾਬਾ ਬੋਹੜ ! ਲੋਕ ਉਨ੍ਹਾਂ ਦੀ ਨਿਰਧੜਕਤਾ ਦੀ ਗੱਲ ਕਰ ਰਹੇ ਸਨ।

# ਪਹਿਲੀ, ਦੂਸਰੀ ਤੇ ਤੀਸਰੀ ਮੁਲਾਕਾਤ—ਗੁਰਸ਼ਰਨ ਸਿੰਘ

***ਪ੍ਰੋ. ਹਰਭਜਨ ਸਿੰਘ***

? ਸੱਤਰਵਿਆਂ ਦੇ ਸ਼ੁਰੂ ਤੋਂ ਜਦ ਤੋਂ ਮੈਂ ਤੁਹਾਨੂੰ ਜਾਣਦਾ ਹਾਂ ਤੁਸੀਂ ਰੰਗਮੰਚ ਅਤੇ ਸਾਹਿਤ ਦੇ ਫਰੰਟ 'ਤੇ ਡਟੇ ਹਏ ਹੋ। ਤੁਹਾਡੀਆਂ ਪ੍ਰਾਪਤੀਆਂ ਵਿਲੱਖਣ ਅਤੇ ਇਤਿਹਾਸਕ ਸਨ। ਇਹ ਹਰ ਕੋਈ ਮੰਨਦਾ ਹੈ। ਇਸ ਕਰਕੇ ਮੇਰਾ ਦਿਲ ਤੁਹਾਡੇ ਪ੍ਰਤੀ ਸ਼ਰਧਾ ਅਤੇ ਸਨਮਾਨ ਨਾਲ ਭਰਿਆ ਪਿਆ ਹੈ ਅਤੇ ਮੇਰੀ ਇਹ ਕੋਸ਼ਿਸ਼ ਹੈ ਕਿ ਤੁਹਾਡੇ ਅੰਦਰਲੇ ਇਨਸਾਨ ਬਾਰੇ ਘੋਖ ਪੜਤਾਲ ਕਰਾਂ ਤੇ ਉਹਦੇ ਵਰਗਾ ਬਣਨ ਲਈ ਕੰਮ ਕਰਾਂ। ਇਹ ਮੇਰੀ ਨਿੱਜੀ ਭਾਵਨਾ ਹੈ, ਤੁਹਾਡੇ ਪ੍ਰਤੀ ਸਨਮਾਨ ਦੀ ਭਾਵਨਾ। ਤੁਸੀਂ ਮੈਨੂੰ ਉਹ ਅੰਦਰਲੇ ਇਨਸਾਨ ਦੇ ਦਰਸ਼ਨ ਕਰਾ ਸਕਦੇ ਹੋ ਜਿਹੜਾ ਤੁਹਾਨੂੰ ਅਸੀਮ ਸ਼ਕਤੀ,ਬੇਮਿਸਾਲ ਬੁੱਧੀ ਅਤੇ ਅਥਾਹ ਸਰਗਰਮੀ ਮਹੁੱਈਆ ਕਰ ਰਿਹਾ ਹੈ ਅਤੇ ਉਮਰ ਦੇ ਇਸ ਮੋੜ 'ਤੇ ਲਹਿਰਾਂ ਵਾਂਗ ਕੰਮ ਕਰਨ ਲਈ ਤੁਹਾਨੂੰ ਉਤਸ਼ਾਹਿਤ ਕਰ ਰਿਹਾ ਹੈ ?

• ਸਮਾਜਿਕ ਨਿਆਂ ਦੀ ਚਾਹ ਕਰਕੇ ਮੈਂ ਛੋਟੀ ਉਮਰ ਵਿਚ ਹੀ ਕਮਿਊਨਿਸਟ ਸਿਧਾਂਤ ਨਾਲ ਜੁੜ ਗਿਆ ਸਾਂ। ਮਾਰਕਸਵਾਦ ਦੇ ਅਧਿਐਨ ਨੇ ਮੈਨੂੰ ਵੱਚਨਬੱਧ ਕੀਤਾ। ਸਥਾਪਤ ਕਮਿਊਨਿਸਟ ਪਾਰਟੀਆਂ ਜਾਂ ਨਕਸਲਬਾੜੀ ਗਰੁੱਪਾਂ ਨਾਲ ਕੁਝ ਸਵਾਲਾਂ ਤੇ ਵੱਖਰੇਵੇਂ ਹੋਣ 'ਤੇ ਵੀ ਮੈਂ ਕਮਿਊਨਿਸਟ ਲਹਿਰ ਦਾ ਭਾਗ ਬਣ ਕੇ ਕੰਮ ਕੀਤਾ ਹੈ। ਇਕ ਧਾਰਮਿਕ ਆਲੇ ਦੁਆਲੇ ਵਿਚ ਵੱਡਾ ਹੋਇਆ, ਇਸ ਲਈ ਸਿੱਖ ਧਰਮ ਦੀਆਂ ਅਗਾਂਹਵਧੂ ਸਮਾਜਿਕ ਕਦਰਾਂ ਕੀਮਤਾਂ ਨੇ ਵੀ ਮੇਰੇ ਉਤੇ ਪੂਰੀ ਤਰ੍ਹਾਂ ਅਸਰ ਪਾਇਆ ਹੈ।

? ਤੁਸੀਂ ਉਮਰ ਭਰ ਸਿਧਾਂਤਕ ਵਚਨਬੱਧਤਾ ਦੇ ਇਕ ਥੜ੍ਹੇ ਵਜੋਂ, ਇਕ ਮੰਚ ਵਜੋਂ ਕੰਮ ਕੀਤਾ ਹੈ। ਇਹ ਮੰਚ ਕਾਫ਼ੀ ਵਿਆਪਕ ਤੇ ਵਿਸ਼ਾਲ ਰਿਹਾ ਹੈ, ਜਥੇਬੰਦੀਆਂ ਅਤੇ ਪਾਰਟੀ ਬੰਦਿਸ਼ਾਂ ਤੋਂ ਉਪਰ। ਤੁਸੀਂ ਸਿੱਧਾਂਤਕ ਵਚਨਬੱਧਤਾ ਦੇ ਕਿਸ ਪ੍ਰਮੁੱਖ ਸੂਰਤ ਵਿਚ ਲੋਕਾਂ ਨੂੰ ਬੰਨ੍ਹਣਾ ਚਾਹੁੰਦੇ ਹੋ ? ਕੀ ਇਹ ਸਿਧਾਂਤ ਕੋਈ ਘੜਿਆ ਘੜਾਇਆ ਹੈ, ਵਿਰਾਸਤ ਵਿਚੋਂ ਪ੍ਰਾਪਤ ਹੋ ਸਕਦਾ ਹੈ ਜਾਂ ਭਵਿੱਖ ਲਈ ਸੰਘਰਸ਼ ਵਿਚੋਂ ?

• ਹੁਣ ਮੇਰਾ ਖੇਤਰ ਕਲਾ ਦਾ ਖੇਤਰ ਹੈ। ਮੈਂ ਸਮਝਦਾ ਹਾਂ ਕਿ ਲੋਕ ਪੱਖੀ ਕਲਾ ਰਾਹੀਂ ਸਮਾਜਿਕ ਨਿਆਂ ਬਾਰੇ ਚੇਤਨਾ ਪੈਦਾ ਕਰਨ ਵਿਚ ਅਤੇ ਫਿਰ ਇਕ ਚੰਗਾ ਸਮਾਜ

ਬਣਾਉਣ ਲਈ ਚਲ ਰਹੇ ਸੰਘਰਸ਼ ਵਿਚ ਅਸੀਂ ਕਲਾਕਾਰ ਸਹਾਈ ਹੋ ਸਕਦੇ ਹਾਂ। ਇਹ ਕਰਨ ਲਈ ਵਚਨਬੱਧਤਾ ਪਹਿਲੀ ਸ਼ਰਤ ਹੈ।

? ਤੁਹਾਡੇ ਨਾਟਕਾਂ ਬਾਰੇ ਜਿੰਨਾਂ ਕੁ ਮੈਂ ਜਾਣਦਾ ਹਾਂ, ਜਿੰਨ੍ਹਾਂ ਕੁ ਮੈਂ ਪੜ੍ਹੇ, ਦੇਖੇ ਅਤੇ ਵਾਚੇ ਹਨ ਉਹ ਇਹ ਸੁਨੇਹਾ ਦਿੰਦੇ ਹਨ। ਸਮਾਜ ਨੂੰ ਬਦਲਣ ਦਾ,ਸਮਾਜਿਕ ਕੁਰੀਤੀਆਂ ਨੂੰ ਖ਼ਤਮ ਕਰਨ ਦਾ, ਆਰਥਿਕ ਗੁਰਬੱਤ ਦੇ ਵਿਰੁੱਧ ਸੰਘਰਸ਼ ਦਾ, ਰਾਜਨੀਤਿਕ ਸੱਚੀਆਂ ਸੁੱਚੀਆਂ ਕਦਰਾਂ ਦਾ ਅਤੇ ਸਭ ਤੋਂ ਵੱਧ ਇਕ ਸਿਹਤਮੰਦ ਲੋਕ ਸਭਿਆਚਾਰ ਦੇ ਵਿਕਾਸ ਦਾ। ਅੱਜ ਕੱਲ੍ਹ ਇਕ ਹੋਰ ਗੱਲ ਉਠਾਈ ਜਾ ਰਹੀ ਹੈ। ਉਚੀ ਸੁਰ, ਮੱਧਮ ਸੁਰ ਦੀ। ਤੁਸੀਂ ਸੁਰਾਂ ਬਾਰੇ ਕੁਝ ਦੱਸੋਗੇ ਕਿ ਇਹ ਕਿੰਨੀਆਂ ਕੁ ਉਚੀਆਂ ਹੋਣੀਆਂ ਚਾਹੀਦੀਆਂ ਹਨ ਅਤੇ ਕਿੰਨੀਆਂ ਕੁ ਮੱਧਮ ਸੁਰ ਵਾਲਿਆਂ ਵਿਚ ਇਕ ਧਿਰ ਉਹ ਵੀ ਹੈ ਜਿਹੜੀ ਸਾਹਿਤ ਸਾਹਿਤ ਲਈ ਵਾਲੀ ਹੈ, ਕਲਾਕਲਾ ਲਈ ਵਾਲੀ।

• ਹਰ ਇਕ ਗੱਲ ਕਹਿਣ ਦੀ ਆਪਣੀ ਸ਼ੈਲੀ ਹੈ। ਮੈਂ ਉਚੇ ਸੁਰ ਦੀ ਸ਼ੈਲੀ ਸੁਚੇਤ ਹੋ ਕੇ ਵਰਤਦਾ ਹਾਂ ਕਿਉਂਕਿ ਮੇਰਾ ਯਕੀਨ ਹੈ ਕਿ ਜਿਨਾਂ ਲੋਕਾਂ ਨੂੰ ਮੈਂ ਸੁਨੇਹਾ ਦੇ ਰਿਹਾ ਹਾਂ, ਉਨ੍ਹਾਂ ਨੂੰ ਇਸੇ ਸੁਰ ਦੀ ਲੋੜ ਹੈ। ਉਚੀ ਸੁਰ ਆਪਣੇ ਆਪ ਵਿਚ ਕਲਾ ਦੀ ਘਾਟ ਨਹੀਂ। ਉਚੀ ਸੁਰ ਵਾਲਿਆਂ ਹੀ ਸਮਾਜ ਬਦਲੇ ਹਨ। ਸਪਾਰਟਾਕਸ ਨੇ ਜਦੋਂ ਰੋਮਨ ਸਮਾਜ ਦੇ ਖਿਲਾਫ਼ ਬਗਾਵਤ ਕੀਤੀ ਸੀ ਤਾਂ ਉਹ ਉਚੀ ਸੁਰ ਵਿਚ ਹੀ ਬੋਲਿਆ ਅਤੇ ਵਿਚਰਿਆ ਸੀ। ਨੀਂਵੀ ਸੁਰ ਉਨ੍ਹਾਂ ਨੂੰ ਰਾਸ ਆਉਂਦੀ ਹੈ, ਜਿਨਾਂ ਕਰਨਾ ਕੁਝ ਨਹੀਂ। ਨਾਅਰਾ ਉਹੀ ਦੇਂਦੇ ਹਨ, ਜਿਨਾਂ ਕੋਲ ਸਮਾਜ ਬਦਲਣ ਦਾ ਸੰਕਲਪ ਹੁੰਦਾ ਹੈ। ਨਾਅਰਾ ਆਪਣੇ ਆਪ ਵਿਚ ਇਕ ਕਲਾ ਹੈ ? ਇਹ ਮੇਰਾ ਯਕੀਨ ਹੈ।

? ਤੁਸੀਂ ਬਦੇਸ਼ਾਂ ਵਿਚ ਤਿੰਨ ਵਾਰ ਗਏ ਹੋ, ਥੀਏਟਰ ਕਰਨ। ਤੁਹਾਡੇ ਦੂਜੇ ਦੇਸ਼ਾਂ ਦੇ ਰੰਗਮੰਚ ਬਾਰੇ ਕੀ ਪ੍ਰਭਾਵ, ਅਨੁਭਵ ਅਤੇ ਵਿਸ਼ਲੇਸ਼ਣ ਹੈ ? ਜਦੋਂ ਤੁਸੀਂ ਇਸ ਵਾਰ ਨਵੇਂ-ਨਵੇਂ ਇੰਗਲੈਂਡ, ਕੈਨੇਡਾ, ਅਮਰੀਕਾ ਦੇ ਦੌਰੇ ਤੋਂ ਪਰਤੇ ਸੀ ਤਾਂ ਕਮਿਊਨਿਸਟ ਥੀਏਟਰ ਬਾਰੇ ਗੱਲ ਕਰਦੇ ਸੀ, ਇਸ ਬਾਰੇ ਦਸੋਗੇ ?ਕੀ ਉਹ ਨੁੱਕੜ ਸ਼ੈਲੀ ਨਾਲ ਮਿਲਦਾ ਜੁਲਦਾ ਹੈ ?

• ਕਮਿਊਨਿਟੀ ਥੀਏਟਰ ਦਾ ਨਾਂ ਹੁਣ ਉਸ ਥੀਏਟਰ ਨੂੰ ਦਿੱਤਾ ਜਾਂਦਾ ਹੈ ਜਿਥੇ ਥੀਏਟਰ ਦੀ ਡਿਜ਼ਾਇਨਿੰਗ ਜਾਂ ਪੇਸ਼ਕਾਰੀ ਦੀ ਸ਼ੈਲੀ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਥੀਏਟਰ ਵੱਧ ਤੋਂ ਵੱਧ ਲੋਕਾਂ ਤਕ ਪਹੁੰਚ ਸਕੇ। ਨੁੱਕੜ ਨਾਟਕ ਵੀ ਕਮਿਊਨਿਟੀ ਥੀਏਟਰ ਦਾ ਹੀ ਇਕ ਰੂਪ ਹੈ। ਸਾਡੇ ਪਿੰਡਾਂ ਵਿਚ, ਬਸਤੀਆਂ ਵਿਚ ਥੜ੍ਹਾ (ਪਲੇਟਫਾਰਮ) ਥੀਏਟਰ ਵੀ ਇਹਦਾ ਇਕ ਰੂਪ ਹੈ। ਕਮਿਊਨਿਟੀ ਥੀਏਟਰ ਦੇ ਕਲਾਕਾਰ ਵੱਖ-ਵੱਖ ਰੂਪਾਂ ਵਿਚ ਤਜ਼ਰਬੇ ਕਰਦੇ ਹਨ ਤਾਂ ਜੋ ਅਸਰਦਾਇਕ ਤਰੀਕੇ ਨਾਲ ਲੋਕਾਂ ਤਕ ਗੱਲ ਪੁਚਾਈ ਜਾ ਸਕੇ। ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ)'ਦੀਆਂ ਟੀਮਾਂ ਦੀ ਸ਼ੈਲੀ ਵੀ ਬਹੁਤੀ ਕਮਿਊਨਿਟੀ ਥੀਏਟਰ ਦੀ ਸ਼ੈਲੀ

ਹੈ। ਸਾਫ਼ ਹੈ ਕਿ ਇਸ ਸ਼ੈਲੀ ਦੀਆਂ ਕੁਝ ਗੱਲਾਂ ਪਰੰਪਰਾਗਤ ਥੀਏਟਰ ਨਾਲ ਮਿਲਦੀਆਂ ਹਨ ਪਰ ਪਹੁੰਚ ਵਿਚ ਬੁਨਿਆਦੀ ਵਖਰੇਵਾਂ ਹੈ।

? ਨੁੱਕੜ ਨਾਟਕ ਲਿਖਣ ਤੇ ਖੇਡਣ ਵਿਚ ਤੁਹਾਡੀ ਇਕ ਧਾਕ ਹੈ ਅੱਜ ਹਿੰਦੁਸਤਾਨ ਵਿਚ। ਕੀ ਇਸ ਦਾ ਪ੍ਰਭਾਵ ਸਥਾਈ ਅਤੇ ਚਿਰ ਸਥਾਈ ਹੁੰਦਾ ਹੈ।

• ਨੁੱਕੜ ਨਾਟਕ ਗਲੀਆਂ, ਸੜਕਾਂ ਉਤੇ ਸੁਨੇਹਾ ਪਹੁੰਚਾਉਣ ਦੀ ਵਿਧਾ ਹੈ। ਮੈਂ ਸਮਝਦਾ ਹਾਂ ਕਿ ਮੇਰੇ ਨੁੱਕੜ ਨਾਟਕਾਂ ਦੀ ਸ਼ਕਤੀ ਉਨ੍ਹਾਂ ਵਿਚਲੇ ਸੁਨੇਹੇ ਦੀ ਸ਼ਕਤੀ ਹੈ।

? ਅੱਜ ਇਕ ਹੋਰ ਸਵਾਲ ਉਠ ਰਿਹਾ ਹੈ ਕਿ ਰੰਗਕਰਮੀਆਂ ਨੂੰ ਰੰਗਮੰਚ ਰੋਟੀ ਨਹੀਂ ਦੇ ਸਕਦਾ, ਰੰਗਕਰਮੀ ਵਿਚਾਰੇ ਧੱਕੇ ਖਾਂਦੇ ਫਿਰਦੇ ਹਨ। ਤੁਸੀਂ ਆਪਣੇ ਕਲਾਕਾਰਾਂ ਨੂੰ ਕਿਸ ਤਰ੍ਹਾਂ ਸਿਖਿਆ ਦਿੰਦੇ ਹੋ। ਜ਼ਿੰਦਗੀ ਬਾਰੇ ਜੀਵਿਕਾ ਬਾਰੇ ਅਤੇ ਰੰਗਮੰਚ ਦੇ ਵਿਕਾਸ ਬਾਰੇ ?ਇਨ੍ਹਾਂ ਦੀ ਸੰਯੁਕਤਾ ਕਿੰਜ ਹੋ ਸਕਦੀ ਹੈ ?

• ਪੰਜਾਬ ਦਾ ਰੰਗਮੰਚ ਜਿਸ ਸਥਿਤੀ ਵਿਚ ਹੈ, ਉਹ ਕਲਾਕਾਰਾਂ ਨੂੰ ਰੋਜ਼ੀ ਰੋਟੀ ਨਹੀਂ ਦੇ ਸਕਦਾ। ਇਹ ਸਮਾਜਿਕ ਤੱਥ ਸਵੀਕਾਰ ਕਰਕੇ ਹੀ ਆਪਣੀਆਂ ਸਰਗਰਮੀਆਂ ਦੀ ਰੂਪ ਰੇਖਾ ਉਲੀਕਣੀ ਚਾਹੀਦੀ ਹੈ। ਜਿੰਨਾ ਸਮਾਂ ਅਤੇ ਸ਼ਕਤੀ ਕੋਈ ਆਪਣੀ ਵਿੱਤ ਅਨੁਸਾਰ ਦੇ ਸਕਦਾ ਹੈ, ਉਨ੍ਹਾਂ ਹੀ ਦੇਣਾ ਚਾਹੀਦਾ ਹੈ। ਸ਼ੌਕ ਅਤੇ ਜੋਸ਼ ਕਰਕੇ ਪਹਿਲੇ ਵੱਡੇ ਦਾਅਵੇ ਕਰੋ, ਫੇਰ ਮਾਯੂਸੀ ਦੇ ਟੋਏ ਵਿਚ ਡਿੱਗ ਪਵੋ। ਇਹ ਸਿਆਣਪ ਨਹੀਂ ਮੈਂ ਇਹ ਗੱਲਾਂ ਆਪਣੇ ਕਲਾਕਾਰਾਂ ਨੂੰ ਸਪੱਸ਼ਟ ਤੌਰ 'ਤੇ ਕਹਿੰਦਾ ਹਾਂ। ਉਹ ਆਪਣੀ ਵਿਤ ਮੁਤਾਬਿਕ ਹੀ ਕੰਮ ਕਰਨ ਤਾਂ ਹੀ ਉਹ ਸਮਾਜ ਨੂੰ ਚੰਗਾ ਬਣਾਉਣ ਵਿਚ ਆਪਣੀ ਸਥਾਈ ਹਿੱਸਾ ਪਾ ਸਕਦੇ ਹਨ।

? ਕੁਝ ਲੋਕਾਂ ਦਾ ਇਹ ਕਹਿਣਾ ਹੈ ਕਿ ਤੁਸੀਂ ਜਿਸ ਲਹਿਰ ਦੇ ਜ਼ਿਆਦਾ ਕਰੀਬ ਰਹੇ ਹੋ ਯਾਨੀ ਕਮਿਊਨਿਸਟ ਇਨਕਲਾਬੀ ਲਹਿਰ ਦੇ, ਹੁਣ ਤੁਸੀਂ ਉਸ ਤੋਂ ਥੋੜ੍ਹੀ ਵਿੱਥ 'ਤੇ ਖੜੋ ਗਏ ਹੋ। ਖਾਸ ਕਰਕੇ ਸੀ. ਪੀ. ਐਮ ਦੇ ਬਹੁਤ ਲਾਗੇ।

• ਮੇਰੀ ਵੱਚਨਬੱਧਤਾ ਨਿਆਂ ਵਾਲਾ ਸਮਾਜ ਬਣਾਉਣ ਵਲ ਹੈ। ਇਸ ਵਚਨਬੱਧਤਾ ਲਈ ਮੈਂ ਖੱਬੀ ਵਿਚਾਰਧਾਰਾ ਦਾ ਧਾਰਨੀ ਹਾਂ। ਨਕਸਲਬਾੜੀ ਲਹਿਰ ਨਾਲ ਮੇਰੀ ਨੇੜਤਾ ਕਦੀ ਵੀ ਸੀ. ਪੀ. ਆਈ. ਜਾਂ ਸੀ. ਪੀ. ਐਮ. ਦਰਮਿਆਨ ਭਾਵੇਂ ਨਹੀਂ ਸੀ ਤੇ ਨਾ ਹੁਣ ਹੈ। ਨਕਸਲਵਾੜੀ ਲਹਿਰ ਦੇ ਵੱਖ-ਵੱਖ ਗਰੁੱਪਾਂ, ਸੀ. ਪੀ. ਆਈ. ਅਤੇ ਸੀ. ਪੀ. ਐਮ. ਦਰਮਿਆਨ ਭਾਵੇਂ ਦੁਸ਼ਮਣੀ ਵਾਲੇ ਰਿਸ਼ਤੇ ਰਹੇ ਹਨ ਤੇ ਹੁਣ ਵੀ ਹਨ ਪਰ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਮੈਂ ਕਿਸੇ ਵੀ ਭਾਸ਼ਣ ਵਿਚ ਜਾਂ ਨਾਟਕ ਵਿਚ ਇਸ ਦੁਸ਼ਮਣ ਸਿਆਸਤ ਦਾ ਭਾਗੀ ਨਹੀਂ ਬਣਿਆ। ਮੈਂ ਖੱਬੀ ਵਿਚਾਰਧਾਰਾ ਦੀ ਹਰ ਇਕ ਪਾਰਟੀ ਦੀ ਸਟੇਜ 'ਤੇ ਜਾਂਦਾ ਹਾਂ। ਖੱਬਾ ਕਲਚਰ, ਖੱਬਾ ਜੀਵਨ ਜਾਂਚ ਦੀ ਗੱਲ ਕਰਦਾ ਹਾਂ। ਉਸ ਸਟੇਜ ਤੇ ਬੁਲਾਰੇ ਆਪਣੀ-ਆਪਣੀ ਪਾਰਟੀ ਦੇ ਪ੍ਰਗਰਾਮ ਦਸਦੇ ਹਨ, ਮੈਂ ਇਸ ਵਿਚ ਕਦੀ ਕ ਈ ਦਖਲਅੰਦਾਜ਼ੀ ਨਹੀਂ ਕਰਦਾ। ਮੈਂ ਹਮੇਸ਼ਾਂ ਹੀ ਖੱਬੀ ਵਿਚਾਰਧਾਰਾ ਦੇ ਲੋਕਾਂ ਦੀ

ਵੱਧ ਤੋਂ ਵੱਧ ਏਕਤਾ ਦੀ ਚਾਹ ਕੀਤੀ ਹੈ, ਇਹ ਮੇਰਾ ਬੁਨਿਆਦੀ ਅਕੀਦਾ ਹੈ।

? ਤੁਹਾਨੂੰ ਕੇਂਦਰੀ ਲੇਖਕ ਸਭਾ (ਰਜਿ) ਦੀ ਚੋਣ ਲੜਨ ਦੀ ਕੀ ਜ਼ਰੂਰਤ ਸੀ, ਤੁਹਾਡਾ ਮਾਨ ਸਨਮਾਨ ਤਾਂ ਇਨਾਂ ਆਹੁਦੇਦਾਰੀਆਂ ਤੋਂ ਬਹੁਤ ਉਚਾ ਹੈ। ਕਿੰਨੀ ਠੇਸ ਲੱਗੀ ਹੈ ਦਿਲਾਂ ਨੂੰ ਕਿ ਤੁਹਾਨੂੰ ਲੇਖਕ ਆਪਣੀ ਗੁੱਟਬੰਦੀ ਵਿਚ ਫਸਾਉਣ ਵਿਚ ਸਫ਼ਲ ਹੋ ਗਏ।

• ਸਾਹਿਤਕ ਖੇਤਰ ਵਿਚ ਮੇਰਾ ਇਕ ਨਿਸ਼ਾਨ੍ਹਾ ਹੈ ਕਿ ਸਾਹਿਤ ਵੱਧ ਤੋਂ ਵੱਧ ਲੋਕਾਂ ਤਕ ਪੁੱਜੇ। ਇਕ ਵੇਲੇ ਮੈਂ ਸੋਚਿਆ ਕਿ ਕੇਂਦਰੀ ਲੇਖਕ ਸਭਾ ਦਾ ਪ੍ਰਧਾਨ ਹੋਣਾ ਇਸ ਨਿਸ਼ਾਨੇ ਲਈ ਕੰਮ ਕਰਨ ਵਿਚ ਸਹਾਈ ਹੋਵੇਗਾ। ਸੋ ਮੈਂ ਚੋਣ ਲੜੀ। ਇਹ ਮੇਰਾ ਆਪਣਾ ਫੈਸਲਾ ਸੀ। ਭਾਵੇਂ ਕੁਝ ਚਿਰ ਪਹਿਲੇ ਮੈਂ ਆਪਣੇ ਤੌਰ 'ਤੇ ਇਹ ਫੈਸਲੇ ਵੀ ਲਿਆ ਹੋਇਆ ਸੀ ਕਿ ਇਹ ਚੋਣ ਮੈਂ ਨਹੀਂ ਲੜਨੀ। ਪਰ ਉਮੀਦਵਾਰਾਂ ਦੀ ਲਿਸਟ ਨੇ ਮੈਨੂੰ ਇਸ ਫੈਸਲੇ ਤੇ ਫੇਰ ਸੋਚਣ ਲਈ ਮਜ਼ਬੂਰ ਕੀਤਾ। ਇਹ ਫੈਸਲਾ ਬਦਲਣ ਵਿਚ ਮਾਰਕਸੀ ਪਾਰਟੀ ਨਾਲ ਜੁੜੇ ਲੇਖਕਾਂ ਦੀ ਵੀ ਭੂਮਿਕਾ ਸੀ, ਇਸ ਤੋਂ ਮੈਂ ਇਨਕਾਰੀ ਨਹੀਂ, ਪਰ ਬੁਨਿਆਦੀ ਤੌਰ 'ਤੇ ਚੋਣ ਲੜਨਾ ਮੇਰਾ ਆਪਣਾ ਫੈਸਲਾ ਸੀ। ਅਹੁਦੇਦਾਰੀ ਵਿਚ ਚੌਧਰ ਦੀ ਭੁੱਖ ਇਹ ਇਕ ਧੁਰਸੂਆ ਸੰਕਲਪ ਹੈ। ਮੈਂ ਇਸ ਗੱਲ ਦਾ ਧਾਰਨੀ ਹਾਂ ਕਿ ਆਹੁਦੇਦਾਰੀ ਤੁਹਾਨੂੰ ਕੁਝ ਕਰਨ ਲਈ ਮੌਕਾ ਦੇਂਦੀ ਹੈ ਤੇ ਫਰਜ਼ ਸਮਝ ਕੇ ਇਹ ਮੌਕਾ ਲੈਣਾ ਚਾਹੀਦਾ ਹੈ।

? ਇਕ ਸਮੁੱਚੀ ਸਭਿਆਚਾਰਕ ਕ੍ਰਾਂਤੀ ਦੀ ਲਹਿਰ ਚਲਾਉਣ ਬਾਰੇ ਕੀ ਕੀ ਕਰਨਾ ਚਾਹੀਦਾ ਹੈ ? ਮੇਰਾ ਮਤਲਬ ਹੈ ਸਾਹਿਤ, ਕਲਾ, ਰੰਗਮੰਚ ਅਤੇ ਸਭਿਆਚਾਰਕ ਫਰੰਟ ਤੇ ਦੇਸ਼ ਵਿਆਪੀ ਪੱਧਰ 'ਤੇ ਕੀ ਸੰਭਾਵਨਾਵਾਂ ਹਨ ਤੇ ਕੀ ਕੀਤਾ ਜਾ ਸਕਦਾ ਹੈ ?

• ਦੇਸ਼ ਪੱਧਰ ਤੇ ਕੋਈ ਸਭਿਆਚਾਰਕ ਸੰਸਥਾ ਬਣੇ ਤਾਂ ਉਹ ਵਿਆਪਕ ਸਭਿਆਚਾਰਕ ਲਹਿਰ ਚਲਾਉਣ ਵਿਚ ਅਤੇ ਜਮਹੂਰੀ ਚੇਤਨਾ ਨੂੰ ਤੀਖਣ ਕਰਨ ਵਿਚ ਹਿੱਸਾ ਪਾ ਸਕਦੀ ਹੈ। ਇਪਟਾ ਨੇ ਕਦੇ ਇਹ ਭੂਮਿਕਾ ਬਾਖੂਬੀ ਨਿਭਾਈ ਹੈ। ਕੋਈ ਦੇਸ਼ ਵਿਆਪਕ ਸੰਸਥਾ ਬਣਾਉਣ ਦਾ ਯਤਨ ਹੋਵੇ, ਇਹ ਚੰਗੀ ਗੱਲ ਹੈ ਪਰ ਉਮਰ ਦੇ ਇਸ ਪੜਾਅ ਵਿਚ ਮੇਰੀ ਇਹੀ ਚਾਹ ਹੋਵੇਗੀ ਕਿ ਮੈਂ ਪੰਜਾਬ ਵਿਚ ਹੀ ਆਪਣੀਆਂ ਸਰਗਰਮੀਆਂ ਕਰਾਂ। ਹੁਣ ਬਾਕੀ ਦੇਸ਼ ਦਾ ਸਫ਼ਰ ਮੇਰੇ ਲਈ ਮੁਮਕਿਨ ਨਹੀਂ।

? ਤੁਸੀਂ ਕਿਤਾਬ ਕਲਚਰ ਬਾਰੇ ਕਾਫ਼ੀ ਉਤਸ਼ਾਹਿਤ ਰਹੇ ਹੋ ਤੇ ਕੁਝ ਹੱਦ ਤਕ ਪੰਜਾਬ ਵਿਚ ਪਿੰਡਾਂ ਵਿਚ ਕੁਝ ਕਿਤਾਬਾਂ ਪਹੁੰਚੀਆਂ ਵੀ ਹਨ, ਪਰ ਕਿਸ ਤਰ੍ਹਾਂ ਦੀਆਂ ਕਿਤਾਬਾਂ ਲੋਕਾਂ ਤਕ ਪਹੁੰਚਣੀਆਂ ਚਾਹੀਦੀਆਂ ਹਨ ਤੇ ਉਸ ਦਾ ਮਾਧਿਅਮ ਕੀ ਹੋਣਾ ਚਾਹੀਦਾ ਹੈ ?

• ਕਿਤਾਬਾਂ ਬਾਰੇ ਫਿਲਹਾਲ ਮੈਂ ਆਪਣੀਆਂ ਨਿੱਜੀ ਕੋਸ਼ਿਸ਼ਾਂ ਹੀ ਜੁਟਾ ਰਿਹਾ ਹਾਂ। ਮੇਰੀਆਂ ਕੋਸ਼ਿਸ਼ਾਂ ਦਾ ਇਹ ਨਿਸ਼ਾਨਾ ਹੈ ਕਿ ਸਾਹਿਤਕ ਜਥੇਬੰਦੀਆਂ ਵੀ ਇਸ ਵਿਚ ਹਿੱਸੇਦਾਰ ਬਣਨ।

? ਰਾਜਨੀਤਿਕ ਭ੍ਰਿਸ਼ਟਾਚਾਰ ਅਤੇ ਪ੍ਰਦੂਸ਼ਣ ਬਾਰੇ ਖਾਸ ਕਰਕੇ ਅਪਰਾਧ ਕਰਨ ਬਾਰੇ ਤੁਸੀਂ ਬਹੁਤ ਹੀ ਬੇਹਤਰੀਨ ਨਾਟਕ ਲਿਖੇ, ਖੇਡੇ ਤੇ ਖਿਡਾਏ ਹਨ। ਇਹ ਸਾਰਾ ਕੁਝ ਇਸ ਢਾਂਚੇ ਦਾ ਇਕ ਅੰਗ ਹੈ, ਜਿਸ ਤੇ ਉਨ੍ਹਾਂ ਵਰਗਾਂ ਨੇ ਕਬਜ਼ਾ ਕਰ ਰੱਖਿਆ ਹੈ ਜਿਨਾਂ ਨੂੰ ਲੋਕ ਦੋਖੀ, ਲੋਕ ਵਿਰੋਧੀ, ਲੁਟੇਰੇ ਕਿਹਾ ਜਾ ਸਕਦਾ ਹੈ। ਪਰ ਕੀ ਇਸ ਤੋਂ ਉਹ ਖੱਬੇ ਪੱਖੀ ਜਥੇਬੰਦੀਆਂ ਬਚੀਆਂ ਹਨ ਜਿਹੜੀਆਂ ਇਸ ਸਮੇਂ ਸਰਕਾਰ ਵਿਚ ਹਨ ?

- ਖੱਬੇ ਪੱਖੀ ਵਿਚਾਰਧਾਰਾ ਬੁਨਿਆਦੀ ਤੌਰ 'ਤੇ ਪੈਸੇ ਦੇ ਗਲਬੇ ਨੂੰ ਰੱਦ ਕਰਦੀ ਹੈ। ਇਸ ਲਈ ਭ੍ਰਿਸ਼ਟਾਚਾਰ ਦੀ ਸੰਭਾਵਨਾ ਬੁਰਜੂਆ ਪਾਰਟੀਆਂ ਦੇ ਮੁਕਾਬਲੇ ਇਸ ਵਿਚਾਰਧਾਰਾ ਦੀਆਂ ਪਾਰਟੀਆਂ ਵਿਚ ਘੱਟ ਹੈ। ਹਵਾਲਾ ਕਾਂਡ ਨੇ ਵੀ ਇਹ ਸਾਬਤ ਕੀਤਾ ਹੈ। ਮੈਂ ਆਪਣਾ ਬਹੁਤਾ ਸਰੋਕਾਰ ਇਸ ਗੱਲ ਨਾਲ ਰੱਖਿਆ ਹੈ ਕਿ ਮੈਂ ਭ੍ਰਿਸ਼ਟਾਚਾਰ ਦੇ ਵਿਰੁੱਧ ਲੋਕ ਰਾਏ ਨੂੰ ਪ੍ਰਚੰਡ ਕਰਾਂ। ਖੱਬੇ ਪੱਖੀ ਜਥੇਬੰਦੀਆਂ ਵਿਚ ਜੇ ਭ੍ਰਿਸ਼ਟਾਚਾਰ ਆ ਵੀ ਗਿਆ ਹੈ ਤਾਂ ਉਹਦੀ ਨਿਖੇਧੀ ਕਰਨਾ ਸਾਡਾ ਫ਼ਰਜ਼ ਹੈ।

? ਸਾਨੂੰ ਚੰਗੇ ਮਾੜੇ ਵਿਚ, ਖੜੋਤ ਤੇ ਰਵਾਨੀ ਵਿਚ, ਸਟੇਟਸ ਕੋ ਅਤੇ ਇਨਕਲਾਬ ਵਿਚ-ਸਾਹਿਤ, ਕਲਾ, ਸੰਗੀਤ ਅਤੇ ਰੰਗਮੰਚ ਦੇ ਮੋਰਚੇ ਤੇ ਕਿੰਜ ਸਪੱਸ਼ਟ ਲਕੀਰ ਖਿਚਣੀ ਚਾਹੀਦੀ ਹੈ ? ਮੇਰਾ ਮਤਲਬ ਦੋਸਤ ਤੇ ਦੁਸ਼ਮਣ ਤਾਂ ਹਨ ਹੀ, ਪਰ ਲਕੀਰ ਕਿੰਜ ਖਿੱਚੀ ਜਾਵੇ ? ਤੇ ਕਿਹੜੀਆਂ ਸ਼ਕਤੀਆਂ ਨੂੰ ਇਕਜੁੱਟ ਕੀਤਾ ਜਾਵੇ ? ਲਕੀਰ ਦੇ ਇਸ ਪਾਰ ਅਤੇ ਲਕੀਰ ਦੇ ਉਸ ਪਾਰ ਲਈ ਸਪੱਸ਼ਟ ਅਧਾਰ ਕੀ ਹੋਵੇ?

- ਲਕੀਰ ਦੇ ਇਸ ਪਾਰ ਜਾਂ ਉਸ ਪਾਰ ਤਾਂ ਆਪਣੀ-ਆਪਣੀ ਸੋਚਣੀ ਹੈ। ਨਕਸਲਬਾੜੀ ਸਾਥੀ ਸੋਚਦੇ ਹਨ ਕਿ ਮਾਰਕਸੀ ਪਾਰਟੀ ਵੀ ਉਸੇ ਤਰ੍ਹਾਂ ਕੁਰਪੱਟ ਹੈ ਜਿਸ ਤਰ੍ਹਾਂ ਹੋਰ ਪਾਰਟੀਆਂ, ਤਾਂ ਮੈਂ ਇਸ ਸੋਚ ਨਾਲ ਸਹਿਮਤ ਨਹੀਂ। ਇਸੇ ਤਰ੍ਹਾਂ ਜੇਕਰ ਮਾਰਕਸੀ ਪਾਰਟੀ ਵਾਲੇ ਇਹ ਸੋਚਦੇ ਹਨ ਕਿ ਨਕਸਲਬਾੜੀ ਸਿਆਸਤ ਮਾਰਕੇਬਾਜ਼ ਸਿਆਸਤ ਹੈ ਤੇ ਉਲਟ ਇਨਕਲਾਬੀ ਹੈ, ਤਾਂ ਮੈਂ ਉਹਨਾਂ ਨਾਲ ਵੀ ਸਹਿਮਤ ਨਹੀਂ। ਮੇਰੀ ਇਹ ਸਹਿਮਤੀ ਤੇ ਅਸਹਿਮਤੀ ਮੇਰੇ ਕੰਮ ਵਿਚ ਦਖਲ ਅੰਦਾਜ਼ੀ ਨਹੀਂ ਕਰਦੀ। ਮੈਂ ਸਮਝਦਾ ਹਾਂ-ਕਲਾਕਾਰ ਆਪਣੀ ਸਮਾਜਿਕ ਨਿਆਂ ਦੀ ਵਚਨਬੱਧਤਾ ਤੇ ਕਾਇਮ ਰਹੇ ਤਾਂ ਉਸਨੂੰ ਕੋਈ ਦਿੱਕਤ ਨਹੀਂ ਆਏਗੀ।

? ਤੁਸੀਂ ਆਪਣੇ ਜ਼ਿੰਦਗੀ ਦੇ ਖਾਸ-ਖਾਸ ਅਨੁਭਵਾਂ, ਤਜ਼ਰਬਿਆਂ ਤੇ ਪ੍ਰਾਪਤੀ ਨੂੰ ਕਿੰਜ ਅੰਕਿਤ ਕਰੋਗੇ ? ਮੂਲ ਰੂਪ ਵਿਚ ਅਤੇ ਤੱਤ ਰੂਪ ਵਿਚ ਜਿਹੜੀ ਤੁਹਾਡੀ ਦੇਣ ਹੈ ਉਹ ਕਿਹੜੇ ਸ਼ਬਦਾਂ ਵਿਚ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਤਾਟੋ ਦੇ ਰੂਪ ਵਿਚ ਚਿਤਰੀਏ ?

- ਆਪਣੇ ਨਿਸ਼ਾਨੇ ਵਲ ਸੁਹਿਰਦਤਾ ਅਤੇ ਬੁਨਿਆਦੀ ਇਮਾਨਦਾਰੀ ਨੂੰ ਮੈਂ ਬਹੁਤ ਕੀਮਤ ਦੇਂਦਾ ਹਾਂ। ਬਹੁਤ ਵਾਰੀ ਗ਼ਲਤੀਆਂ ਹੋ ਜਾਂਦੀਆਂ ਹਨ ਸਵੈ ਆਲੋਚਨਾ ਅੱਗੇ ਵੱਧਣ ਲਈ ਰਾਹ ਪੱਧਰਾ ਕਰਦੀ ਹੈ।

? ਸਾਡੇ ਲਈ ਮੇਰਾ ਮਤਲਬ ਨਵੀਂ ਪੀੜ੍ਹੀ ਲਈ ਕੋਈ ਸੁਨੇਹਾ ਦਿਓ ?

• ਹਰ ਇਕ ਕਲਾਕਾਰ ਨੂੰ ਆਪਣੀ ਸੋਚ ਅਨੁਸਾਰ ਇਮਾਨਦਾਰੀ ਨਾਲ ਕੰਮ ਕਰਨਾ ਚਾਹੀਦਾ ਹੈ। ਸਵੈ ਆਲੋਚਨਾ ਨਾਲ ਸੋਚ ਨੂੰ ਐਲਾਨੀਆਂ ਇਸ ਇਮਾਨਦਾਰੀ ਵਿਚ ਸ਼ਾਮਲ ਹੈ। ਸ਼ਰਤ ਇਹੀ ਹੈ ਕਿ ਕਿਸੇ ਸੋਚ ਵਿਚ ਬਦਲੀ ਮੌਕਾਪ੍ਰਸਤੀ ਦੀ ਭਾਵਨਾ ਨਾਲ ਨਾ ਹੋਵੇ।

? ਇਕ ਅੰਤਿਮ ਸਵਾਲ–ਤੁਸੀਂ ਆਪਣੇ ਵਾਰਿਸ ਕਿਨ੍ਹਾਂ ਨੂੰ ਸਮਝਦੇ ਹੋ ? ਤੁਹਾਨੂੰ ਆਪਣੀ ਅਮੀਰ ਵਿਰਾਸਤ ਦੀ ਜ਼ਿੰਮੇਵਾਰੀ ਉਨ੍ਹਾਂ ਮੋਢਿਆਂ ਤੇ ਰੱਖਣੀ ਚਾਹੀਦੀ ਹੈ ਜਿਹੜੇ ਅੱਗੇ ਤੁਰ ਸਕਣ, ਸਪੱਸ਼ਟ ਤੌਰ 'ਤੇ ਅਗਾਂਹਵਧੂ ਦਿਸ਼ਾ ਵੱਲ ਮੇਰੀ ਇਹ ਰਾਏ ਹੈ। ਮੇਰਾ ਸਵਾਲ ਹੋਰ ਵੀ ਸਪੱਸ਼ਟ ਰੂਪ ਵਿਚ ਹੈ। ਕੀ ਤੁਸੀਂ ਇਨਕਲਾਬੀ ਸ਼ਕਤੀਆਂ ਨੂੰ ਆਪਣੇ ਵਾਰਿਸ ਸਮਝਦੇ ਹੋ ਜਾਂ ਸੋਧਵਾਦੀ ਸ਼ਕਤੀਆਂ ਨੂੰ ਜਾਂ ਸਾਰਿਆ ਨੂੰ ?

• ਲੋਕ ਪੱਖੀ ਲਹਿਰਾਂ ਵਿਚ ਅਤੇ ਪਾਰਟੀਆਂ ਵਿਚ ਕੰਮ ਕਰਦੇ ਕਾਰਕੁੰਨ ਹੀ ਕੱਲ ਦੇ ਯੁੱਗ ਦੇ ਵਾਰਿਸ ਹਨ। ਮੈਂ ਇਨਾਂ ਨੂੰ ਆਪਣੇ ਵਾਰਿਸ ਦੀ ਸ਼ਬਦਾਵਲੀ ਵਿਚ ਸੀਮਤ ਨਹੀਂ ਕਰਨਾ ਚਾਹੁੰਦਾ। ਸੋਧਵਾਦੀ ਅਤੇ ਇਨਕਲਾਬੀ ਗਰਦਾਨਿਆਂ ਜਾਣਾ ਇਹ ਮਾਰਕਸੀ ਸ਼ਬਦਾਵਲੀ ਹੈ। ਮੈਂ ਇਸ ਸ਼ਬਦਾਵਲੀ ਦਾ ਕਦੀ ਵੀ ਧਾਰਨੀ ਨਹੀਂ ਰਿਹਾ। 1970 ਤੋਂ 1989 ਤਕ ਮੇਰੀਆਂ ਸਰਦਲ ਅਤੇ ਸਮਤਾ ਦੀਆਂ ਲਿਖਤਾਂ ਅਤੇ ਮੇਰੇ ਸਾਰੇ ਨਾਟਕ ਇਸ ਤੱਥ ਦੇ ਗਵਾਹ ਹਨ। ਪਰਖ ਇਹ ਹੈ ਕਿ ਭਾਰਤ ਦੇ ਕਰੋੜਾਂ ਗਰੀਬਾਂ ਲਈ ਕੌਣ ਕੁਝ ਕਰ ਸਕਿਆ ਹੈ। ਇਹਦੇ ਲਈ ਇਕ ਦੂਜੇ ਨੂੰ ਨਾਂ ਦੇਣ ਦੀ ਥਾਂ ਸਾਰੀਆਂ ਧਿਰਾਂ ਨੂੰ ਆਪਣੇ ਅੰਦਰ ਝਾਤੀ ਮਾਰਨ ਦੀ ਲੋੜ ਹੈ।

## ਦੂਜੀ ਮੁਲਾਕਾਤ

*ਗੁਰਸ਼ਰਨ ਭਾਅ ਜੀ ਹੋਰਾਂ ਨਾਲ ਮੈਂ ਇਹ ਦੂਜੀ ਮੁਲਾਕਾਤ ਕਰਨ ਜਾ ਰਿਹਾ ਹਾਂ। ਦਸ ਜੂਨ ਉਨੀ ਸੌ ਸਤਾਨਵੇਂ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਸੈਕਟਰ 43 ਬੀ, ਚੰਡੀਗੜ੍ਹ ਵਿਖੇ। ਇਸ ਗੱਲਬਾਤ ਦਾ ਮੁੱਖ ਮੁੱਦਾ ਉਸ ਇਨਕਲਾਬੀ ਅੰਦੋਲਨ ਦੇ ਆਰ-ਪਾਰ ਦੇਖਣਾ ਹੈ, ਕਮਿਊਨਿਸਟ ਇਨਕਲਾਬੀ ਅੰਦੋਲਨ ਦੇ, ਜਿਹਦੇ ਗੁਰਸ਼ਰਨ ਭਾਅ ਜੀ ਹੋਰੀਂ ਬਹੁਤ ਲੰਬੇ ਸਮੇਂ ਤੋਂ ਇਕ ਹਿੱਸਾ ਰਹੇ ਹਨ। ਅੱਜ ਵੀ ਉਹ ਇਹ ਚਾਹੁੰਦੇ ਹਨ ਕਿ ਇਹ ਸਮਾਜਿਕ ਵਿਵਸਥਾ ਬਦਲੇ, ਇਹਦੀ ਥਾਂ ਇਕ ਨਿਆਂਸ਼ੀਲ ਤੇ ਬਰਾਬਰੀ 'ਤੇ ਆਧਾਰਿਤ ਸਮਾਜ ਉਸਾਰਿਆ ਜਾਏ। ਭਾਅ ਜੀ ਕਮਿਊਨਿਸਟ ਇਨਕਲਾਬੀਆਂ ਦੇ ਸੱਚੇ ਹਮਦਰਦ ਹਨ, ਅੱਜ ਵੀ ਉਹ ਉਨ੍ਹਾਂ ਦੇ ਪੱਖ ਵਿਚ ਖੜੋ ਕੇ ਗੱਲ ਕਰ ਰਹੇ ਹਨ। ਇਸ ਲਈ ਉਸ ਵਿਚਾਰਧਾਰਾ ਦੇ ਆਰ-ਪਾਰ ਦੇਖਣ ਦੀ ਕੋਸ਼ਿਸ਼ ਕਰਦੇ ਹਨ... ਜਿਹਨੂੰ ਮਾਰਕਸਵਾਦ-ਲੈਨਿਨਵਾਦ-ਮਾਓ*

ਵਿਚਾਰਧਾਰਾ ਦੇ ਨਾਂ ਦੇ ਨਾਲ ਪੂਰੀ ਦੁਨੀਆ ਜਾਣਦੀ ਏ ਅਤੇ ਜਿਹਨੂੰ ਮਾਰਗਦਰਸ਼ਨ ਮੰਨ ਕੇ ਹਿੰਦੁਸਤਾਨ ਵਿਚ ਹਜ਼ਾਰਾਂ ਨੌਜਵਾਨਾਂ ਨੇ ਆਪਣੀ ਕੁਰਬਾਨੀ ਦਿੱਤੀ। ਉਨ੍ਹਾਂ ਕੁਰਬਾਨੀਆਂ ਦੇ ਵਿਚ ਇਕ ਕੁਰਬਾਨੀ ਸ਼ਹੀਦ ਗਿਆਨ ਸਿੰਘ ਦੀ ਸੀ। ਹੁਣ ਅਸੀਂ ਉਹਦੇ ਬਾਰੇ ਇਕ ਕਿਤਾਬ ਤਿਆਰ ਕਰ ਰਹੇ ਹਾਂ। ਉਸਤੋਂ ਪਹਿਲਾਂ ਬਲਦੇਵ ਸਿੰਘ ਮਾਨ, ਜੈਮਲ ਸਿੰਘ ਪੱਡਾ, ਸਰਬਜੀਤ ਸਿੰਘ ਭਿੱਟੇਵੱਡ, ਅਮਰੀਕ ਸਿੰਘ ਤੇ ਹੋਰ ਵੀ ਬਹੁਤ ਸਾਰੇ ਸਾਥੀ ਖਾਲਿਸਤਾਨੀ ਦਹਿਸ਼ਤਗਰਦੀ ਦੀਆਂ ਗੋਲੀਆਂ ਦੇ ਸ਼ਿਕਾਰ ਹੋ ਗਏ ਤੇ ਸੇਵੇ ਵਾਲਾ ਕਾਂਡ ਵੀ ਹੋਇਆ। ਇਹ ਵੀ ਇਕ ਅਜਿਹਾ ਦਰਦਨਾਕ ਕਾਂਡ ਸੀ ਜਿਸ ਤਰ੍ਹਾਂ ਲੋਕ ਸਮੂਹ ਦਹਿਸ਼ਤਗਰਦਾਂ ਦੀਆਂ ਗੋਲੀਆਂ ਦਾ ਸ਼ਿਕਾਰ ਹੋਇਆ। ਉਸ ਤੋਂ ਪਹਿਲਾਂ ਵੀ, ਬਾਬਾ ਬੂਝਾ ਸਿੰਘ ਤੋਂ ਲੈ ਕੇ ਪੰਜਾਬ ਵਿਚ ਹੀ ਨਹੀਂ ਹਿੰਦੁਸਤਾਨ ਵਿਚ ਪੂਰੇ ਪੰਜ ਹਜ਼ਾਰ ਕਮਿਊਨਿਸਟ ਕ੍ਰਾਂਤੀਕਾਰੀ ਹਿੰਦੁਸਤਾਨ ਦੀ ਰਾਜ ਸੱਤਾ ਨੇ ਕਤਲ ਕੀਤੇ ਹਨ। ਉਨ੍ਹਾਂ ਸ਼ਹੀਦਾਂ ਨੂੰ ਇਹ ਸ਼ਰਧਾਂਜਲੀ ਦੇ ਰੂਪ ਵਿਚ ਵੀ ਮੈਂ ਗੁਰਸ਼ਰਨ ਭਾਅ ਜੀ ਹੋਰਾਂ ਨਾਲ ਗੱਲ ਕਰਨੀ ਚਾਹੁੰਦਾ ਸੀ। ਕਿਉਂਕਿ ਸ਼ਹੀਦਾਂ ਦਾ ਸੁਨੇਹਾ ਪਿੰਡ ਪਿੰਡ ਪਹੁੰਚਾਉਣ ਲਈ ਉਨ੍ਹਾਂ ਨੇ ਬੜਾ ਹੀ ਕੰਮ ਕੀਤਾ ਹੈ। ਭਾਅ ਜੀ ਹੋਰੀਂ ਲਗਭਗ ਹਰ ਸਾਲ ਮੇਰੇ ਪਿੰਡ ਕਾਲਾ ਸੰਘਿਆ ਵੀ ਨੌਂ ਸਤੰਬਰ ਨੂੰ ਸ਼ਹੀਦੀ ਸਮਾਗਮ 'ਤੇ ਜਾਂਦੇ ਹਨ, ਭਾਅ ਜੀ ਹੋਰੀਂ ਉਨ੍ਹਾਂ ਸ਼ਹੀਦਾਂ ਨੂੰ ਸ਼ਹੀਦ ਤੇਜਾ ਸਿੰਘ, ਜੋਗਿੰਦਰ ਸਿੰਘ, ਗੁਰਦਿਆਲ ਸਿੰਘ, ਸਵਰਨ ਸਿੰਘ, ਗੁਰਦੀਪ ਸਿੰਘ, ਤਰਸੇਮ ਲਾਲ ਸਹਿਤ ਸਾਰੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣਾ ਆਪਣਾ ਫਰਜ਼ ਸਮਝਦੇ ਹਨ। ਹਾਲੇ ਤਕ ਉਹ ਸ਼ਹੀਦਾਂ ਲਈ ਜੋ ਕੁਝ ਕਰ ਚੁੱਕੇ ਹਨ, ਉਹਦੇ ਵਿਚ ਉਨ੍ਹਾਂ ਲਈ ਕਿਤਾਬਾਂ ਛਾਪਣਾ, ਉਨ੍ਹਾਂ ਦੇ ਸ਼ਹੀਦ ਸਮਾਗਮ ਕਰਨ, ਸਭਿਆਚਾਰਕ ਮੇਲੇ ਲਾਉਣ ਤੇ ਹੋਰ ਬਹੁਤ ਕੁਝ। ਇਸੇ ਕਰਕੇ ਪੰਜਾਬ ਦੇ ਸ਼ਹੀਦ ਅੱਜ ਵੀ ਜਿੰਦਾ ਹਨ ਤੇ ਉਨ੍ਹਾਂ ਦੀ ਆਵਾਜ਼ ਅੱਜ ਵੀ ਆਪਣੇ ਵਾਰਸਾਂ ਵਿਚ ਬੋਲਦੀ ਹੈ। ਇਸ ਸੰਬੰਧ ਵਿਚ ਭਾਅ ਜੀ ਹੋਰਾਂ ਦੇ ਵਿਚਾਰ ਉਨ੍ਹਾਂ ਦੇ ਮੂੰਹੋਂ ਸੁਣਨ ਲਈ ਮੈਂ ਉਨ੍ਹਾਂ ਦੇ ਘਰ ਗਿਆ ਤੇ ਇਹ ਇੰਟਰਵਿਊ ਰਿਕਾਰਡ ਕੀਤੀ-ਹਰਭਜਨ ਸਿੰਘ)*

? ਹਾਂ, ਭਾਅ ਜੀ, ਤੁਸੀਂ ਆਪਣੇ ਕਮਿਊਨਿਸਟ ਹੋਣ ਬਾਰੇ ਆਮ ਤੌਰ 'ਤੇ ਕੀ ਕਹਿਣਾ ਚਾਹੋ?

• ਦੇਖੋ! ਹਰਭਜਨ ਸਿੰਘ ਜੀ, ਪਿਛਲੇ ਚਾਲੀ ਪੰਜਾਹ ਸਾਲਾਂ ਤੋਂ, ਮੈਂ ਕਹਿ ਸਕਦਾਂ, ਜਦੋਂ ਤੋਂ ਕਮਿਊਨਿਸਟ ਵਿਚਾਰਧਾਰਾ ਦੇ ਨਾਲ ਜੁੜਿਆ, ਮੈਂ ਹਾਲੀ ਵਿਦਿਆਰਥੀ

ਸਾਂ। ਇਹ ਗੱਲਾਂ ਨੇ ਉਨੀ ਸੌ ਚੁਤਾਲੀ ਪੰਤਾਲੀ ਦੀਆਂ। ਉਸ ਸਮੇਂ ਮੈਂ ਇਹ ਸੋਚ ਲਿਆ ਸੀ ਕਿ ਇਹ ਜਿਹੜਾ ਸਮਾਜ ਸਾਰਾ ਚਲਦਾ ਪਿਆ ਏ ਇਹਦੇ ਵਿਚ ਜਿਹੜਾ ਗਰੀਬ ਵਰਗ ਹੈ ਉਹਨੂੰ ਪੂਰੀ ਤਰ੍ਹਾਂ ਜਾਂ ਬਿਲਕੁਲ ਹੀ ਨਿਆਂ ਨਹੀਂ ਮਿਲ ਰਿਹਾ। ਉਹ ਜਨਮ ਤੋਂ ਹੀ ਜੇ ਪਛੜੇ ਹੋਏ ਨੇ ਤਾਂ ਸਾਰੀ ਉਮਰ ਪਛੜੇਪਨ ਵਿਚ ਹੀ ਲੰਘਾ ਦੇਣਗੇ ਤੇ ਆਉਣ ਵਾਲੀਆਂ ਉਨ੍ਹਾਂ ਦੀਆਂ ਪੀੜ੍ਹੀਆਂ ਨੂੰ ਵੀ ਕੋਈ ਰੋਸ਼ਨੀ ਨਹੀਂ ਮਿਲੇਗੀ। ਇਸ ਲਈ ਮੈਂ ਸਮਝਦਾ ਸਾਂ ਕਿ ਕਮਿਊਨਿਸਟ ਵਿਚਾਰਧਾਰਾ ਉਨ੍ਹਾਂ ਨੂੰ ਇਹ ਰੋਸ਼ਨੀ ਦੇਵੇਗੀ। ਉਸ ਵੇਲੇ ਮੇਰਾ ਜਿਹੜਾ ਸੰਬੰਧ ਸੀ, ਮੈਨੂੰ ਲਿਟਰੇਚਰ ਪੜ੍ਹਨ ਦਾ ਬੜਾ ਸ਼ੌਕ ਮਿਲਦਾ ਸੀ। ਰੂਸ ਦਾ ਲਿਟਰੇਚਰ ਜਿਸ ਵਿਚ ਸ਼ੋਲੋਖੋਵ ਦੇ ਨਾਵਲ, ਗੋਰਕੀ ਦੇ ਨਾਵਲ ਤੇ ਹੋਰ ਵੀ ਚੰਗੀਆਂ ਕਹਾਣੀਆਂ, ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚੋਂ ਵੀ ਜਿਹੜੀਆਂ ਵੀ ਰੈਵੀਲਿਊਸ਼ਨਰੀ ਕਹਾਣੀਆਂ, ਹਿੰਦੁਸਤਾਨ ਦੇ ਹੋਰ ਸੂਬਿਆਂ ਵਿਚੋਂ ਜਿਹੜੀਆਂ ਵੀ ਰੈਵੀ ਲਿਊਸ਼ਨਰੀ ਕਹਾਣੀਆਂ ਮਿਲਣੀਆਂ ਉਹ ਮੈਂ ਪੜ੍ਹਨੀਆਂ। ਸੋ ਮੈਂ ਇਸ ਵਿਚਾਰਧਾਰਾ ਨਾਲ ਮਾਨਵਵਾਦੀ ਨਜ਼ਰੀਏ ਤੋਂ ਵੀ ਜੁੜਿਆ ਹੋਇਆ ਹਾਂ। ਕਿਉਂਕਿ ਮੈਂ ਆਪ ਗਰੀਬ ਵਰਗ ਵਿਚ ਨਹੀਂ ਸਾਂ। ਜਾਂ ਨਹੀਂ ਹਾਂ ਹੁਣ ਵੀ।

ਮੈਂ ਇਹ ਕਹਿ ਸਕਦਾ ਹਾਂ ਕਿ ਮੈਂ ਉਹਨਾ ਲੋਕਾਂ ਵਿਚੋਂ ਸਾਂ ਜਿਹੜੇ ਪੰਜਾਬ ਦੇ ਰੱਜੇ ਪੁੱਜੇ ਲੋਕ ਕਹੇ ਜਾ ਸਕਦੇ ਹਨ। ਇਹ ਨਹੀਂ ਕਿ ਸਾਡੀ ਕੋਈ ਜਾਇਦਾਦ ਹੈ ਜਾਂ ਮੇਰੇ ਪਿਤਾ ਜੀ ਦੀਆਂ ਕੋਈ ਜ਼ਮੀਨਾਂ ਸਨ। ਇਕ ਪੜ੍ਹੇ ਲਿਖੇ ਪੱਧਰ ਵਿਚੋਂ ਹੋਣ ਕਰਕੇ ਨੌਕਰੀਆਂ ਵੱਡੀਆਂ ਤੋਂ ਵੱਡੀਆਂ ਸਾਰੇ ਫੈਮਿਲੀ ਮੈਂਬਰ ਨੇ ਕੀਤੀਆਂ। ਹੁਣ ਵੀ ਜਿਹੜੇ ਮੇਰੇ ਚਾਰ ਵੱਡੇ ਭਰਾ ਰਿਟਾਇਰ ਹੋਏ, ਇਕ ਵੱਡੇ ਡਾਕਟਰ ਰਿਟਾਇਰ ਹੋਏ, ਇਕ ਅਜੇ ਅਮਰੀਕਾ ਵਿਚ ਚੀਫ਼ ਇੰਜੀਨੀਅਰ ਨੇ। ਅਸੀਂ ਨੌਕਰੀ ਪੇਸ਼ਾ ਤੇ ਵੱਡੀ ਨੌਕਰੀ ਪੇਸ਼ਾ ਦੇ ਹਾਂ। ਇਸ ਤਰ੍ਹਾਂ ਮੇਰੀ ਭੈਣ ਵੀ ਬੜੀ ਪੜ੍ਹੀ ਲਿਖੀ ਹੈ ਤੇ ਮੇਰੇ ਭਤੀਜੇ ਵੀ ਕੋਈ ਆਰਮੀ ਵਿਚ ਬਰਗੇਡੀਅਰ ਨੇ, ਕੋਈ ਕੁਝ ਨੇ, ਇਕ ਟੱਬਰ ਦੇ ਤੌਰ 'ਤੇ ਅਸੀਂ ਉਹ ਲੋਕ ਹਾਂ ਜਿਨਾਂ ਨੇ ਜ਼ਿੰਦਗੀ ਦੇ ਵਿਚ ਕਦੇ ਕੋਈ ਥੁੜ ਨਹੀਂ ਦੇਖੀ। ਮੈਂ ਇਸ ਸਿਧਾਂਤ ਨਾਲ ਇਸ ਕਰਕੇ ਜੁੜਿਆ ਕਿ ਇਸ ਸਮਾਜ ਵਿਚ ਜੋ ਕੁਝ ਰੱਜੇ ਪੁੱਜੇ ਲੋਕਾਂ ਨੂੰ ਮਿਲਦਾ ਹੈ ਉਹ ਸਧਾਰਨ ਬੰਦੇ ਨੂੰ ਕਿਉਂ ਨਹੀਂ ਮਿਲਦਾ ? ਮਾਨਵਵਾਦੀ ਨਜ਼ਰੀਏ ਨਾਲ ਮੈਂ ਚਾਹੁੰਦਾ ਹਾਂ ਕਿ ਹਰ ਇਕ ਬੱਚਾ ਜਿਹੜਾ ਇਸ ਧਰਤੀ 'ਤੇ ਪੈਦਾ ਹੁੰਦਾ ਹੈ, ਉਹਨੂੰ ਵੱਧਣ ਫੁੱਲਣ ਦੀਆਂ ਬਰਾਬਰ ਦੀਆਂ ਸਹੂਲਤਾਂ ਤੇ ਬੁਨਿਆਦੀ ਹੱਕ ਮਿਲਣੇ ਚਾਹੀਦੇ ਹਨ। ਇਹ ਨਹੀਂ ਕਿ ਅਗਰ ਗਰੀਬ ਘਰ ਵਿਚ ਪੈਦਾ ਹੋਇਆ ਤਾਂ, ਉਹ ਉਥੇ ਹੀ ਵੱਡਾ ਹੋਏਗਾ ਕਿ ਉਹਦੀ ਕਿਸਮਤ ਇਹੀ ਹੈ ਕਿ ਉਹ ਉਸੇ ਤਰ੍ਹਾਂ ਥੁੜਿਆ ਹੀ ਰਹੇਗਾ।

ਇਹ ਥੁੜ ਵਾਲਾ ਸਮਾਜ ਖ਼ਤਮ ਕਰਨਾ ਹੈ ਤੇ ਬਰਾਬਰੀ ਵਾਲਾ ਸਮਾਂ ਬਣਾਉਣਾ ਹੈ। ਸਾਇੰਸ ਨੇ ਮੁਮਕਿਨ ਵੀ ਕਰ ਦਿੱਤਾ ਕਿ ਜੇਕਰ ਦੁਨੀਆ ਦੀ ਆਬਾਦੀ ਤਿੰਨ

ਗੁਣਾ ਵੀ ਹੋਰ ਹੋ ਜਾਵੇ ਤਾਂ ਸਾਰਿਆਂ ਲਈ ਚੰਗੇ ਹਸਪਤਾਲ, ਚੰਗੀ ਵਿਦਿਆ, ਇਹ ਸਾਰਾ ਕੁਝ ਜਿਹੜਾ ਹੈ ਉਹ ਦੇ ਸਕਦੀ ਹੈ। ਜੇ ਉਹ ਪ੍ਰਬੰਧ ਠੀਕ ਹੋਵੇ।

? ਹਾਂ ਭਾਅ ਜੀ, ਇਸੇ ਸੰਦਰਭ ਵਿਚ ਮੈਂ ਗੱਲ ਕਰਨੀ ਚਾਹੁੰਦਾ-ਉਹ ਲੋਕ ਜਿਹੜੇ ਸਮਾਜ ਨੂੰ ਬਦਲਣ ਲਈ ਚੱਲੇ ਨੇ, ਲੜਦੇ ਰਹੇ ਆ ਤਹੈ ਲੜ ਰਹੇ ਨੇ ਉਨ੍ਹਾਂ ਵਿਚੋ ਕੁਝ ਜਿਹੜੇ ਸ਼ਹੀਦ ਹੋ ਗਏ ਉਨ੍ਹਾਂ ਪ੍ਰਤੀ ਜਿਹੜਾ ਤੁਸੀਂ ਕੰਮ ਕਰ ਰਹੇ ਹੋ, ਉਹ ਬਹੁਤ ਸਲਾਹੁਣਯੋਗ ਹੈ। ਉਨ੍ਹਾਂ ਬਾਰੇ ਮੈਂ ਤੁਹਾਡੇ ਵਿਚਾਰ ਲੈਣਾ ਚਾਹੁੰਦਾ, ਬਲਦੇਵ ਸਿੰਘ ਮਾਨ, ਜੈਮਲ ਸਿੰਘ ਪੱਡਾ, ਗਿਆਨ ਸਿੰਘ ਸੰਘਾ...ਮਤਲਬ ਕਮਿਊਨਿਸਟ ਇਨਕਲਾਬੀ ਸ਼ਹੀਦਾਂ ਬਾਰੇ।

• ਹਾਂ। ਇਸ ਪ੍ਰਬੰਧ ਨੂੰ ਠੀਕ ਕਰਨ ਵਾਸਤੇ ਹਮੇਸ਼ਾਂ ਜਿਸ ਸਿਧਾਂਤ ਦੀ ਲੋੜ ਹੁੰਦੀ ਹੈ ਉਹ ਸਿਧਾਂਤ ਸਾਡੇ ਕੋਲ ਕਮਿਊਨਿਸਟ ਵਿਚਾਰਧਾਰਾ ਦਾ ਸਿਧਾਂਤ ਹੈਗਾ। ਉਹਦੇ ਲਈ ਕੰਮ ਕਰਦਿਆਂ ਜਿਹੜੀ ਪੰਜਾਬ ਵਿਚ 1969-70 ਤੋਂ ਬਾਅਦ ਇਕ ਲਹਿਰ ਚੱਲੀ ਉਸ ਲਹਿਰ ਦੇ ਵਿਚ ਨਕਸਲਬਾੜੀ ਲਹਿਰ ਦਾ ਇਕ ਖਾਸ ਅਸਰ ਆਉਂਦਾ ਹੈ। ਉਹ ਵੀ ਇਸ ਤਰ੍ਹਾਂ ਆਉਂਦਾ ਹੈ ਕਿ ਜਿਹੜੀਆਂ ਸਥਾਪਤ ਸੀ. ਪੀ. ਆਈ. ਤੇ ਸੀ. ਪੀ. ਐਮ. ਪਾਰਟੀਆਂ ਸਨ, ਮੇਰਾ ਵੀ ਇਹ ਵਿਚਾਰ ਹੈਗਾ, ਹੁਣ ਵੀ ਹੈ, ਉਹ ਜਿਹੜੀ ਰੈਵੋਲਿਊਸ਼ਨਰੀ (ਇਨਕਲਾਬੀ) ਤਬਦੀਲੀਆਂ ਸਨ ਉਨ੍ਹਾਂ ਤੋਂ ਜਿਸ ਤਰ੍ਹਾਂ ਨਿਸ਼ਾਨਾ ਬਦਲਿਆ ਔਰ ਉਹ ਨਿਸ਼ਾਨਾ ਬਦਲਣ ਕਰਕੇ ਜ਼ਰੂਰੀ ਗੱਲ ਹੈ ਕਿ ਇਕ ਤੀਜੀ ਧਿਰ ਨੇ ਜਨਮ ਲਿਆ। ਉਸ ਧਿਰ ਦੀ ਜਿਹੜੀ ਬੁਨਿਆਦੀ ਵਿਚਾਰਧਾਰਾ ਸੀ ਕਿ ਨਿਜ਼ਾਮ ਤਾਂ ਹੀ ਬਦਲ ਸਕਦਾ ਹੈ ਕਿ ਜੇ ਇਹਦੇ ਵਿਚ ਹਥਿਆਰਬੰਦ ਇਨਕਲਾਬ ਕੀਤਾ ਜਾਵੇ। ਔਰ ਉਹ ਵਿਚਾਰਧਾਰਾ ਜਿਹੜੀ ਹੈ ਉਸ ਵੇਲੇ ਦੀ, ਵਿਚ ਫਰਕ ਇਹ ਹੈ ਕਿ ਤੁਸੀਂ ਤਿਲੰਗਾਨਾ ਨੂੰ ਦੇਖੋ, ਕਿ ਨਕਸਲਬਾੜੀ ਲਹਿਰ ਤੇ ਤਿਲੰਗਾਨਾ ਲਹਿਰ ਵਿਚ ਫਰਕ ਮੈਂ ਨਹੀਂ ਕੁਝ ਸਮਝਦਾ। ਜਦੋਂ ਤਿਲੰਗਾਨਾ ਲਹਿਰ ਹੋਈ ਤੇ ਸੀ ਉਦੋਂ ਮੈਂ ਇਕ ਵਿਦਿਆਰਥੀ ਸਾਂ। ਉਹ ਇਹ ਸੀ ਕਿ ਹਥਿਆਰਬੰਦ ਪਿੰਡ ਦੇ ਲੋਕ ਉਠੇ ਤੇ ਉਨ੍ਹਾਂ ਨੇ ਬਗਾਵਤ ਕੀਤੀ। ਕ੍ਰਿਸ਼ਨ ਚੰਦਰ ਦਾ ਨਾਵਲ 'ਜਦੋਂ ਖੇਤ ਜਾਗੇ' ਪੜ੍ਹੋ ਤਾਂ ਉਸ ਵਿਚ ਤੁਹਾਨੂੰ ਇਹੋ ਚੀਜ਼ ਮਿਲਦੀ ਹੈ। ਸੋ ਨਿਕਸਲਬਾੜੀ ਲਹਿਰ ਜਦੋਂ ਉਠੀ ਮੈਂ ਇਹਦੇ ਨਾਲ ਜਜ਼ਬਾਤੀ ਤੌਰ 'ਤੇ ਬਹੁਤ ਜੁੜਿਆ ਰਿਹਾ ਤੇ ਹੁਣ ਵੀ ਜੁੜਿਆ ਹੋਇਆ ਹਾਂ। ਪਰ ਲਹਿਰਾਂ ਵਿਚ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਹਨ। ਸੋਚਾਂ ਵਿਚ ਵੀ ਤਬਦੀਲੀਆਂ ਆਉਂਦੀਆਂ ਰਹਿੰਦੀਆਂ ਨੇ।

ਇਸ ਲਹਿਰ ਵਿਚ ਜਿਹੜੇ ਪ੍ਰਭਾਵਿਤ ਹਨ, ਜਿਨਾਂ ਸੂਰਵੀਰਾਂ ਦਾ ਤੁਸੀਂ ਨਾ ਲਿਆ ਹੈ। ਬਲਦੇਵ ਮਾਨ ਹੋਰੀਂ, ਜੈਮਲ ਪੱਡਾ ਹੋਰੀਂ, ਸਰਬਜੀਤ ਭਿੱਟੇਵੱਡ, ਗਿਆਨ ਸਿੰਘ ਸੰਘਾ ਵੀ, ਦਰਸ਼ਨ ਖਟਕੜ ਵੀ, ਇਹ ਜਿਹੜੇ ਸਾਰੇ ਬੰਦੇ ਉਸ ਲਹਿਰ ਨਾਲ ਜੁੜੇ ਹੋਏ ਸਨ, ਇਹ ਮਹਿਸੂਸ ਕਰਦੇ ਸਨ ਕਿ ਜਿਹੜੀ ਖਾਲਿਸਤਾਨੀ ਲਹਿਰ ਹੈ-ਇਸ

ਲਹਿਰ ਵਿਚ ਇਕ ਐਸੀ ਕਿਸਮ ਦੀ ਤੰਗ ਨਜ਼ਰੀ ਹੈ ? ਜਿਸਨੂੰ ਫੰਡਾਮਿਨਟਲਿਜ਼ਮ ਕਹਿੰਦੇ ਹਨ, ਹੈਗੀ ਏ, ਧਾਰਮਿਕ ਤੰਗਨਜ਼ਰੀ ਕਿ ਜਿਹੜਾ ਸਮਾਜਿਕ ਨਿਆਂ ਦਾ ਅਸਲੀ ਨਿਸ਼ਾਨਾ ਹੈ, ਉਹਦੇ ਤੋਂ ਇਹ ਲੋਕਾਂ ਨੂੰ ਪਰੇ ਲਿਜਾਂਦੇ ਨੇ। ਔਰ ਜਿਹੜਾ ਗਰੀਬ ਵਰਗ ਹੈ, ਗਰੀਬ ਵਰਗ ਦੀ ਅੱਜ ਦੇ ਸੰਦਰਭ ਦੀ ਲੜਾਈ ਨੂੰ ਪਰੇ ਲੈ ਜਾਂਦਿਆਂ ਹੋਇਆਂ, ਉਸ ਨੂੰ ਧਾਰਮਿਕ ਲੜਾਈ ਦੇ ਤੌਰ 'ਤੇ ਪੇਸ਼ ਕਰਨਾ ਚਾਹੁੰਦੇ ਨੇ। ਇਹ ਸਿੱਧੀ ਜਿਹੀ ਗੱਲ ਹੈ ਜਿਹੜੀ ਕਮਿਊਨਿਸਟ ਵਿਚਾਰਧਾਰਾ ਹੈ ਉਹਦੇ ਨਾਲ ਇਨਾਂ ਦਾ ਡਿਫਰੈਂਸ (ਮਤਭੇਦ) ਹੈ। ਦੁਨੀਆ ਦੇ ਵਿਚ ਖੁਮਾਨੀ ਵਗੈਰਾ ਪਹਿਲਾਂ ਹੋਏ ਸਨ, ਸਾਹਮਣੇ ਸਾਫ਼ ਪਤਾ ਲਗਦਾ ਸੀ ਕਿ ਇਰਾਨ ਦੇ ਲੋਕਾਂ ਨੇ ਜੋ ਕੁਝ ਵੀ ਅੱਜ ਤਕ ਆਪਣੇ ਸੰਘਰਸ਼ ਦੁਆਰਾ ਜਿਤਿਆ ਸੀ ਉਸ ਨੂੰ ਰੀਵਰਸ ਗੇਅਰ ਵਿਚ ਪਿੱਛੇ ਲੈ ਗਏ। ਇਹ ਨਕਸਲਵਾੜੀ ਲਹਿਰ ਦੇ ਸਾਰੇ ਕਾਰਕੁੰਨ ਸਨ ਵਿਚਾਰਧਾਰਾ ਇਨਾਂ ਦੀ ਬਣੀ ਉਹ ਵਿਚਾਰਧਾਰਾ ਇਹ ਸੀ ਕਿ ਫੰਡਾਮਿੰਟਲਿਜ਼ਮ ਦਾ ਖੁਲ ਕੇ ਮੁਕਾਬਲਾ ਕਰਨਾ। ਮੈਂ ਇਹ ਵੀ ਗੱਲ ਕਹਿਣਾ ਚਾਹੁੰਦਾ ਹਾਂ ਕਿ ਇਸ ਵਿਚਾਰਧਾਰਾ ਦੇ ਵਿਚ ਜਿਹੜੀ ਦੂਸਰੀਆਂ ਕਮਿਊਨਿਸਟ ਪਾਰਟੀਆਂ ਸਨ, ਉਨ੍ਹਾਂ ਦੀ ਵੀ ਬਿਲਕੁਲ ਇਹ ਸੋਚ ਬਣੀ ਤੇ ਉਨ੍ਹਾਂ ਦੇ ਵੀ ਬੜੇ ਸ਼ਹੀਦ ਹੋਏ ਨੇ। ਮਤਲਬ ਮਾਰਕਸੀ ਪਾਰਟੀ ਦੇ, ਸੀ. ਪੀ. ਆਈ. ਦੇ ਇਹ-ਖਾਲਿਸਤਾਨ ਦੀ ਜਿਹੜੀ ਆਈਡਿਆਲੋਜੀ ਸੀ ਜਾਂ ਸਿਧਾਂਤ ਸੀ ਉਸਦੇ ਖਿਲਾਫ਼ ਸਨ। ਉਹਦੇ ਖਿਲਾਫ਼ ਕੀ ਬਿਲਕੁਲ ਹੀ ਖਿਲਾਫ਼ ਸਨ। ਦੂਜੇ ਅਕਾਲੀ ਹੋਏ, ਕਾਂਗਰਸੀ ਹੋਏ ਜਾਂ ਭਾਰਤੀ ਜਨਤਾ ਪਾਰਟੀ ਦੇ ਹੋਏ ਉਹ ਤੇ ਇਸ ਗੱਲ ਦਾ ਵਿਰੋਧ ਕਰਦੇ ਸਨ ਇਹ ਤਾਂ ਸਿੱਖ ਫੰਡਾਮਿੰਟਲਿਸਟ ਨੇ। ਜਿਹੜਾ ਕਮਿਊਨਿਸਟਾਂ ਦਾ ਵਿਰੋਧ ਸੀ ਉਹ ਬੁਨਿਆਦੀ ਵਿਰੋਧ ਸੀ ਕਿ ਇਹ ਸਿਧਾਂਤ ਅੱਜ ਦੇ ਯੁੱਗ ਵਿਚ ਬਹੁਤ ਹੀ ਉਲਟ ਇਨਕਲਾਬੀ ਸਿਧਾਂਤ ਹੈ। ਔਰ ਜਿਹੜਾ ਸਿਧਾਂਤ ਜਿਹਦੇ ਨਾਲ ਇਕ ਸਮਾਜਿਕ ਨਿਆਂ ਵਾਲਾ ਸਿਧਾਂਤ ਬਣਨਾ ਹੈ ਉਸ ਤੋਂ ਉਲਟ ਪਾਸੇ ਲਿਜਾਣ ਦੀ ਇਹ ਬੜੀ ਵੱਡੀ ਕੋਸ਼ਿਸ਼ ਹੈ। ਇਸ ਕਰਕੇ ਉਨ੍ਹਾਂ ਆਪਣੇ ਜਿਹਨੂੰ ਕਹਿੰਦੇ ਨੇ ਜਾਨ ਤਲੀ 'ਤੇ ਰੱਖ ਕੇ, ਸਿਰ ਤਲੀ 'ਤੇ ਰੱਖ ਕੇ ਇਹਦੀ ਮੁਖਾਲਫਿਤ ਕੀਤੀ। ਇਨਾਂ ਦੀ ਕਿਧਰੇ ਮੁਖਾਲਫਿਤ ਦੀ ਜੇ ਕਿਧਰੇ ਦੂਸਰੀ ਕਮਿਊਨਿਸਟ ਪਾਰਟੀਆਂ ਦੇ ਨਾਲ ਲਕੀਰ ਖੀਚੀਦੀ ਹੈ ਕਿ ਜਿਥੇ ਇਹ ਸਿਰਫ਼ ਫੰਡਾਮੈਂਟਲਿਜ਼ਮ ਦੇ ਵਿਰੁੱਧ ਸਨ ਉਥੇ ਇਹ ਜਿਹੜਾ ਮੌਜੂਦਾ ਨਜ਼ਾਮ ਚਲ ਰਿਹਾ ਸੀ ਉਹਦੀਆਂ ਤਾਕਤਾਂ ਦੇ ਵੀ ਵਿਰੁੱਧ ਸੀ। ਅਸੀਂ ਇਹ ਕਹਿ ਸਕਦੇ ਹਾਂ ਕਿ ਹਕੂਮਤੀ ਦਹਿਸ਼ਤਗਰਦੀ ਨੈਕਸਲਾਈਟਾਂ ਦੀ ਤੇ ਦੂਜਿਆਂ ਕਮਿਊਨਿਸਟਾਂ ਦੀ ਇਥੇ ਲਕੀਰ ਹੈਗੀ ਆ। ਬਹੁਤ ਵਾਰੀ ਜਿੱਦਾਂ ਸਤਪਾਲ ਡਾਂਗ ਦੂਸਰੇ ਵੀ ਰਿਵੇਰੋ ਦੀ ਤਰੀਫ਼ ਕਰ ਜਾਂਦੇ ਸਨ। ਹੁਣ ਵੀ ਜਦੋਂ ਕੇ. ਪੀ. ਐਸ. ਗਿੱਲ ਹੁਰਾਂ ਇਹ ਦਬਾਇਆ ਜਾਂ ਕੁਝ ਯਾਨੀ ਇਹ ਲਕੀਰ ਨਹੀਂ ਸਨ ਖਿਚਦੇ ਕਿ ਜਿਹੜੀ ਹਕੂਮਤ ਦੀ ਦਹਿਸ਼ਤਗਰਦੀ ਤੇ ਖਾਲਿਸਤਾਨੀਆਂ ਦੀਆਂ ਦਹਿਸ਼ਤਗਰਦੀ ਨੂੰ

ਦਬਾਉਣ ਲਈ ਹਕੂਮਤ ਦਹਿਸ਼ਤਗਰਦੀ ਕਰਦੀ ਹੈ ਤਾਂ ਉਹਦੇ ਲਈ ਇਹ ਆਰਗੂਮੈਂਟ ਵੀ ਲੱਭ ਲੈਂਦੇ ਸਨ। ਨਕਸਲਾਈਟਾਂ ਨੇ ਪੂਰੀ ਲਕੀਰ ਖਿੱਚ ਕੇ ਇਨਾਂ ਦੋਨਾਂ ਦਹਿਸ਼ਤਗਰਦੀਆਂ ਦਾ ਵਿਰੋਧ ਕੀਤਾ। ਅੱਜ ਸਮੇਂ ਨੇ ਦੱਸਿਆ ਏ ਕਿ ਇਹ ਇਕ ਸਹੀ ਸਟਰੈਟਰਜੀ (ਰਣਨੀਤੀ) ਸੀ, ਸਹੀ ਆਡਿਉਲੋਜੀ (ਵਿਚਾਰਧਾਰਾ) ਜੇ ਉਹ ਇੰਨੋਸੈਂਟ ਕਿਲਿੰਗ (ਬੇਕਸੂਰਾਂ ਦੇ ਕਤਲ) ਕਰ ਰਹੇ ਨੇ ਤੁਸੀਂ ਵਿਰੋਧ ਕਰ ਰਹੇ ਹੋ। ਉਹਦੇ ਵਿਚ ਸਪੱਸ਼ਟ ਤੌਰ 'ਤੇ ਇਹ ਕਹਿ ਦੇਣਾ ਚਾਹੁੰਦਾ ਹਾਂ ਕਿ ਸਾਡੇ ਬਲਦੇਵ ਮਾਨ ਹੋਰਾਂ ਨੇ, ਤੇ ਸੰਘੇ ਹੁਣਾਂ ਨੇ, ਜੈਮਲ ਪੱਡੇ ਹੋਰਾਂ ਨੇ ਸਪੱਸ਼ਟ ਤਰੀਕੇ ਨਾਲ ਇਹ ਸਟੈਂਡ ਲਏ। ਮੈਂ ਉਦੋਂ ਅੰਬਰਸਰ ਸਾਂ ਤੇ ਬਲਦੇਵ ਮਾਨ ਮੇਰੇ ਪਿਆਰੇ ਬੱਚਿਆਂ ਵਾਂਗ ਸੀ ਕਿ ਜਦੋਂ ਬੱਗਾ ਛੀਨਾ ਸਰਪੰਚ ਬਣੇ ਜਾਂ ਫਿਰ ਮੈਂ ਐਮ. ਐਲ. ਏ. ਦੀ ਇਲੈਕਸ਼ਨ ਵੀ ਲੜੀ ਹੈ ਤਾਂ ਜਿਹੜੇ ਖਾਲਿਸਤਾਨੀ ਸਨ, ਉਹਨਾਂ ਨੇ ਇਨਾਂ ਨੂੰ ਮਾਰਕ ਕੀਤਾ ਕਿ ਇਹ ਸਾਡੇ ਦੁਸ਼ਮਣ ਨੇ। ਬਾਕੀ ਇਹ ਗੱਲ ਜ਼ਰੂਰ ਹੈ ਕਿ ਇਹ ਜਿਹੜੀ ਇਨਾਂ ਦੀ ਆਪੋਜਿਸ਼ਨ ਦੀ ਲਹਿਰ ਸੀ ਇਸ ਲਹਿਰ ਨੂੰ ਜਿਹੜਾ ਰੰਗ ਦੇਣਾ ਚਾਹੁੰਦੇ ਸੀ ਉਹ ਓਵਰ ਆਲ ਕਮਿਊਨਿਸਟ ਪੰਜਾਬ ਦੇ ਜਿਹੜੇ ਉਨ੍ਹਾਂ ਦੇ ਵਿਚ ਸਨ, ਸਿਧਾਂਤਕ ਮੁਸ਼ਕਲਾਂ ਕਰਕੇ ਜਾਂ ਸਿਧਾਂਤਕ ਵਖਰੇਵੇਂ ਕਰਕੇ, ਉਹ ਖਾਲਿਸਤਾਨੀਆਂ ਦੇ ਵਿਰੁੱਧ ਜਿਹੜੀ ਲੜਾਈ ਦੇਣੀ ਚਾਹੀਦੀ ਸੀ, ਉਹ ਲੜਾਈ ਇਹ ਨਹੀਂ ਦੇ ਸਕੇ। ਜਿਹੜੀ ਲੜਾਈ ਇਨਾਂ ਨੂੰ ਇਸ ਤਰ੍ਹਾਂ ਦੇਣੀ ਚਾਹੀਦੀ ਸੀ ਕਿ ਵੱਡੇ-ਵੱਡੇ ਜਨਤਕ ਜਲਸੇ ਕਰਕੇ ਜਿਸ ਤਰ੍ਹਾਂ ਉਹ ਆਪਣੇ ਖਾਲਸਾ ਮਾਰਚ ਕਰਦੇ ਸਨ। ਇਨਾਂ ਨੂੰ ਮਤਲਬ ਰੈਡ ਮਾਰਚ (ਲਾਲ ਮਾਰਚ) ਕਰਨੇ ਚਾਹੀਦੇ ਸਨ।

? ਹਾਂ। ਭਾਅ ਜੀ ! ਤੁਸੀਂ ਇਕ ਮਾਰਚ ਕੀਤਾ ਸੀ। ਉਹ ਗੁਰਦਾਸਪੁਰ ਤੋਂ ਕਿਸੇ ਸਪਾਟ ਤੋਂ...ਸ਼ੁਰੂ ਕਰਕੇ।

• ਰਣਜੀਤ ਬਾਗ ਤੋਂ ਸ਼ੁਰੂ ਕੀਤਾ। ਹਾਂ ਅਸੀਂ ਉਹ ਜਿਹੜਾ ਮਾਰਚ ਸ਼ੁਰੂ ਕੀਤਾ ਇਹ ਗੱਲਾਂ ਸਤਾਸੀ ਦੀਆਂ ਨੇ।

? ਉਹਦੇ ਵਿਚ ਮੇਰਾ ਖਿਆਲ ਏ ਜੈਮਲ ਪੱਡਾ, ਗਿਆਨ ਸਿੰਘ ਸੰਘਾ ਵੀ ਸਨ।

• ਹਾਂ ਇਹ ਸਭ ਸਨ। ਜਦੋਂ ਅਸੀਂ ਰਣਜੀਤ ਬਾਗ ਤੋਂ ਸ਼ੁਰੂ ਕੀਤਾ ਗੁਰਦਾਸਪੁਰ ਤੋਂ।

? ਬਲਦੇਵ ਮਾਨ ਸ਼ਹੀਦ ਹੋ ਚੁੱਕਾ ਸੀ।

• ਹਾਂ ਬਲਦੇਵ ਮਾਨ ਸ਼ਹੀਦ ਹੋ ਗਿਆ ਸੀ। ਜੈਮਲ ਪੱਡਾ ਹੁਰੀਂ (ਰਮੇਸ਼ ਰਾਣਾ) ਉਸ ਵੇਲੇ ਸਨ। ਜਦ ਅਸੀਂ ਉਥੋਂ ਸ਼ੁਰੂ ਕੀਤਾ। ਗੁਰਦਾਸਪੁਰ ਵਿਚ ਰਣਜੀਤ ਰਾਣਾ ਲੀਡ ਕਰ ਰਿਹਾ ਸੀ। ਜਦੋਂ ਅੰਮ੍ਰਿਤਸਰ ਜ਼ਿਲ੍ਹੇ ਵਿਚ ਦਾਖਲ ਹੋਏ ਤਾਂ ਸਰਬਜੀਤ ਲੀਡ ਕਰ ਰਿਹਾ ਸੀ। ਫਿਰ ਅੰਮ੍ਰਿਤਸਰ ਜ਼ਿਲ੍ਹੇ ਵਿਚ ਜਦੋਂ ਇਧਰ ਕਪੂਰਥਲੇ ਵਲ ਆਇਆ ਤਾਂ ਜੈਮਲ ਪੱਡਾ ਸੀ। ਪੱਡਾ ਤੋਂ ਬਾਅਦ ਜਦੋਂ ਅਸੀਂ 23 ਮਾਰਚ ਤਕ ਪਹੁੰਚੇ ਆਂ ਖਟਕੜ ਕਲੀਂ ਤਾਂ ਦਰਸ਼ਨ ਹੋਰੀਂ, ਸੰਘਾ ਹੋਰੀਂ ਸਨ। ਇਸ ਮਾਰਚ ਵਿਚ ਅਸੀਂ ਪੂਰੀ ਕੋਸ਼ਿਸ਼ ਕੀਤੀ ਆਪਣੀ ਆਈਡਿਆਲੋਜੀ ਦੱਸਣ ਦੀ, ਅਸੀਂ

ਜ਼ਿੰਦਾਬਾਦ ਦੇ ਨਾਅਰੇ ਵੀ ਲਾਏ, ਗੀਤ ਵੀ ਗਾਏ, ਡਰਾਮੇ ਵੀ ਕੀਤੇ, ਲੈਕਚਰ ਵੀ ਥਾਂ-ਥਾਂ ਕੀਤੇ ਅਤੇ ਨਾਲੇ ਕਿਹਾ ਕਿ ਇਹ ਜਿਹੜੀ ਖਾਲਸਤਾਨੀ ਲਹਿਰ ਹੈ ਇਹ ਓਵਰਆਲ (ਪੂਰੀ) ਦੁਨੀਆ ਦਾ ਤੇ ਖਾਸ ਤੌਰ 'ਤੇ ਪੰਜਾਬ ਦੇ ਲੋਕਾਂ ਦਾ ਬੜਾ ਨੁਕਸਾਨ ਕਰੇਗੀ। ਇਹ ਇਤਿਹਾਸ ਨੇ ਦੱਸਿਆ ਕਿ ਨੁਕਸਾਨ ਉਨ੍ਹਾਂ ਬੜਾ ਕੀਤਾ ਏ। ਉਸ ਨੁਕਸਾਨ ਵਿਚ ਇਹ ਸਾਡੇ ਸ਼ਹੀਦ ਹੋਏ ਨੇ। ਹੁਣ ਗਿਆਨ ਸਿੰਘ ਸੰਘਾ ਦੇ ਬਾਰੇ ਮੈਂ ਇਹ ਕਵਾਂ, ਇਹ ਮੈਂ ਗਿਣਾਂ ਤਾਂ ਪੂਰੇ ਗਿਆਰਾਂ ਸਾਲ ਲਗਾਤਾਰਤਾ ਦੇ ਨਾਲ, 23 ਮਾਰਚ ਨੂੰ ਜਦੋਂ ਭਗਤ ਸਿੰਘ ਦਾ ਦਿਵਸ ਹੁੰਦਾ ਸੀ, 22 ਮਾਰਚ ਤੇ 23 ਮਾਰਚ ਦੀ ਦਰਮਿਆਨੀ ਰਾਤ ਨੂੰ ਸਾਰੀ ਰਾਤ ਖਟਕੜ ਕਲਾਂ ਸਮਾਗਮ ਹੁੰਦੇ ਸਨ। ਉਹਦੇ ਵਿਚ ਸਟੇਜ ਸੈਕਟਰੀ ਹਮੇਸ਼ਾ ਗਿਆਨ ਸਿੰਘ ਹੁੰਦਾ ਸੀ। ਇਹਦੀ ਜਿਹੜੀ ਬੋਲਣ ਦੀ ਸ਼ੈਲੀ ਹੁੰਦੀ ਸੀ ਕਿ ਹਿੰਦੁਸਤਾਨ ਦੀ ਕਿਸੇ ਵੀ ਪੋਲੀਟੀਕਲ ਥੀਮ (ਰਾਜਨੀਤਿਕ ਧਿਰ) ਦੇ ਵਿਚ ਇਸ ਤਰ੍ਹਾਂ ਦੀ ਸ਼ੈਲੀ ਕਿ ਵੱਡੀਆਂ-ਵੱਡੀਆਂ ਗੱਲਾਂ ਆਮ ਜ਼ੁਬਾਨ ਵਿਚ ਲੋਕਾਂ ਤਕ ਪਹੁੰਚਾਣੀਆਂ ਤੇ ਉਨ੍ਹਾਂ ਨੂੰ ਪੂਰੀ ਤਰ੍ਹਾਂ ਜਿਸ ਤਰ੍ਹਾਂ ਲਫ਼ਜ ਇੰਨਟਰਟੇਨ (ਮਨੋਰੰਜਨ) ਵੀ ਕਹਿ ਦਈਏ, ਉਨ੍ਹਾਂ ਦਾ ਦਿਲ ਪੂਰੀ ਤਰ੍ਹਾਂ ਲਗਾਉਣਾ, ਮਿਸਾਲਾਂ ਦੇਣੀਆਂ ਨਾਲ ਸਿਆਸੀ ਰੰਗ ਦੇ ਨਾਲ ਸਵਾਲ ਪੇਸ਼ ਕਰਨੇ, ਫਿਰ ਜਵਾਬ ਦੇਣੇ। ਇਹ ਗਿਆਨ ਸਿੰਘ ਸੰਘਾਂ ਦੇ ਨਾਲ ਮੈਂ ਪੂਰੇ ਗਿਆਰਾਂ ਬਾਰਾਂ ਸਾਲ ਲਗਾਤਾਰਤਾ ਦੇ ਨਾਲ ਇਸ 22, 23 ਮਾਰਚ ਦੀ ਦਰਮਿਆਨੀ ਰਾਤ ਦੇ ਸਮਾਗਮਾਂ ਵਿਚ ਜਾਂਦਾ ਰਿਹਾ। ਦਰਸ਼ਨ ਖਟਕੜ ਦੀ ਵੀ ਡੇਢ-ਡੇਢ ਘੰਟੇ ਦੀ ਤਕਰੀਰ ਹੁੰਦੀ ਸੀ। ਮੈਂ ਬੜੇ ਵੱਡੇ-ਵੱਡੇ ਨਾਟਕ ਕੀਤੇ। ਦੂਜੀਆਂ ਸਟੇਜਾਂ ਵੀ ਨਾਲ ਲੱਗੀਆਂ ਹੁੰਦੀਆਂ ਸਨ। ਪਰ ਜਦੋਂ ਪਤਾ ਹੁੰਦਾ ਸੀ ਕਿ ਇਹ ਗਿਆਨ ਬੋਲ ਰਿਹਾ ਹੈ, ਇਹ ਗਿਆਨ ਸੰਘੇ ਦੀ ਸਟੇਜ ਆ ਤਾਂ ਸਾਡੀ ਭੀੜ, ਸਾਰਿਆਂ ਤੋਂ ਵੱਧ ਇਕੱਠ, ਸਾਡੇ ਇਨ੍ਹਾਂ ਸਮਾਗਮਾਂ ਦੇ ਉਪਰ ਹੁੰਦੀ ਸੀ। ਜਿਸ ਤਰ੍ਹਾਂ ਗਿਆਨ ਬੋਲਦਾ ਸੀ। ਖਾਲਸਤਾਨੀ ਦੇ ਚੁਟਕਲੇ ਲਾ ਕੇ। ਸਿੱਖ ਇਤਿਹਾਸ ਦਾ ਗਿਆਨ ਨੂੰ ਵੀ ਬੜਾ ਨਾਲੇਜ਼ (ਗਿਆਨ) ਸੀ। ਸਿੱਖ ਇਤਿਹਾਸ ਵਿਚੋਂ ਮਸਾਲਾਂ ਦੇ ਦੇ ਕੇ ਖਾਲਸਤਾਨੀਆਂ ਨੂੰ ਰੱਦ ਕਰਦਾ ਸੀ। ਇਹ ਖ਼ੂਬੀ ਮੈਂ ਦਰਸ਼ਨ ਸਿੰਘ ਕੈਨੇਡੀਅਨ ਦੀਆਂ ਤਕਰੀਰਾਂ ਵਿਚ ਵੀ ਦੇਖੀ ਸੀ, ਉਹਨੂੰ ਵੀ ਸਿੱਖ ਇਤਿਹਾਸ ਦੇ ਨਾਲ ਜਾਂ ਪੰਜਾਬ ਦੇ ਪੂਰੇ ਇਤਿਹਾਸ ਦੇ ਨਾਲ ਬੜੀ ਚੰਗੀ ਨਾਲੇਜ਼ (ਗਿਆਨ) ਸੀ। ਪਰ ਇਹ ਜਿਹੜੀ ਗਿਆਨ ਸਿੰਘ ਸੰਘਾ ਦੀ ਖ਼ੂਬੀ ਸੀ ਕਿ ਇਹ ਸਾਖੀਆਂ ਵਾਂਗ ਉਹ ਗੱਲਾਂ ਲੈ ਕੇ ਲੋਕਾਂ ਨੂੰ ਸਮਝਾਉਂਦਾ ਸੀ। ਇਸ ਕਰਕੇ ਖਾਲਸਤਾਨੀਆਂ ਦੀ ਨਜ਼ਰ ਵਿਚ ਨਵਾਂ ਸ਼ਹਿਰ ਦੇ ਇਲਾਕੇ ਜਾਂ ਦੁਆਬੇ ਦੇ ਇਲਾਕੇ ਵਿਚ ਇਹ ਬੜਾ ਖਟਕਦਾ ਸੀ। ਮੈਨੂੰ ਥੋੜਾ ਜਿਹਾ ਅਫ਼ਸੋਸ ਇਸ ਗਲ ਦਾ ਏ ਬੜੇ ਔਖੇ ਪੀਰੀਅਡ (ਸਮੇਂ) ਦੇ ਵਿਚੋਂ ਇਹ ਪੂਰੀ ਤਰ੍ਹਾਂ ਲੰਘਿਆ, ਬਚਦਾ ਰਿਹਾ, ਬਚ ਗਿਆ। ਪਰ ਅਖੀਰ ਦੇ ਵਿਚ ਥੋੜੀ ਜਿਹੀ ਲਗਦਾ ਅਣਗਹਿਲੀ ਹੋ ਗਈ

ਸਿਕਊਰਿਟੀ ਵਲੋਂ-ਨਹੀਂ ਤੇ ਇਹ ਖਿਆਲ ਬੜਾ ਰੱਖਦਾ ਸੀ। ਇਹਨੂੰ ਪਤਾ ਸੀ ਕਿ ਮੇਰੇ ਮਗਰ ਲੱਗੇ ਹੋਏ ਆ ਔਰ ਏਹਨੂੰ ਉਨ੍ਹਾਂ ਨੇ ਹਿੱਟਲਿਸਟ ਦੇ ਵਿਚ ਉਪਰ ਰਖਿਆ ਹੋਇਆ ਹੈ, ਦੁਆਬੇ ਦੇ ਇਲਾਕੇ ਵਿਚ। ਉਹਦਾ ਨੁਕਸਾਨ ਹੋਣਾ ਸਮੁੱਚੀ ਕਮਿਉਨਿਸਟ ਲਹਿਰ ਨੂੰ ਤੇ ਇਨਕਲਾਬੀ ਲਹਿਰ ਨੂੰ ਬਹੁਤ ਵੱਡਾ ਨੁਕਸਾਨ ਹੈ।

? ਹਾਂ ਭਾਅ ਜੀ। ਜਿੱਦਾਂ ਹੁਣ ਗਿਆਨ ਸਿੰਘ ਸੰਘਾ ਸ਼ਹੀਦ ਹੋ ਗਿਆ ਨਵੇਂ ਸ਼ਹਿਰ ਦੇ ਇਲਾਕੇ ਵਿਚ ਬਹੁਤ ਵੱਡਾ ਨੁਕਸਾਨ ਹੋ ਗਿਆ। ਬਲਦੇਵ ਮਾਨ ਸ਼ਹੀਦ ਹੋ ਗਿਆ ਉਧਰ ਬਹੁਤ ਵੱਡਾ ਨੁਕਸਾਨ ਹੋ ਗਿਆ। ਅੱਛਾ... ਅਮਰੀਕ ਸਿੰਘ ਗੁਰਦਾਸਪੁਰ ਦਾ ਲੀਡਰ ਸੀ ਉਧਰ ਵੀ ਨੁਕਸਾਨ ਹੋਇਆ ਤੇ ਫਿਰ ਸਰਬਜੀਤ ਭਿੱਟੇਵੱਡ ਰੀਪਲੇਸਮੈਂਟ ਕਰ ਗਿਆ ਸੀ (ਥਾਂ ਲੈ ਗਿਆ ਸੀ) ਬਲਦੇਵ ਮਾਨ ਦੀ ਕਾਫ਼ੀ ਹੱਦ ਤਕ, ਉਹਦੇ ਸ਼ਹੀਦ ਹੋਣ ਦੇ ਨਾਲ ਤੇ ਫਿਰ ਛੀਨਿਆਂ ਵਾਲੇ ਬੱਬੂ ਤੇ ਹੋਰ ਸਾਥੀਆਂ ਦੇ ਸ਼ਹੀਦ ਹੋ ਜਾਣ ਨਾਲ। ਕਿਉਂਕਿ ਉਹ ਇਕ ਤਰ੍ਹਾਂ ਨਾਲ ਸਤੰਭ ਸੀਗਾ ਪਾਰਟੀ ਦਾ। ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਕਿਉਂਕਿ ਤੁਸੀਂ ਉਨਾਂ ਦੇ ਨਾਲ-ਨਾਲ ਵਿਚਰੇ ਹੋ ਹਰ ਜਗਾ, ਸਭਿਆਚਾਰਕ ਫਰੰਟ 'ਤੇ ਵੀ, ਸਹਿਤਕ ਫਰੰਟ 'ਤੇ ਵੀ,ਔਰ ਅੰਦੋਲਨ ਦੇ ਫਰੰਟ 'ਤੇ ਵੀ। ਸਮੁੱਚੀ ਜਿਹੜੀ ਆਪਣੀ ਪੰਜਾਬ ਦੀ ਡੈਮੋਕਰੇਟਿਕ (ਜਨਵਾਦੀ) ਲਹਿਰ, ਸਭਿਆਚਾਰਕ ਅੰਦੋਲਨ ਦੀ ਲਹਿਰ, ਕਮਿਊਨਿਸਟ ਲਹਿਰ ਹੈ, ਇਨ੍ਹਾਂ ਦਾ ਸਮੁੱਚੇ ਤੌਰ 'ਤੇ ਕੀ ਨੁਕਸਾਨ ਹੋਇਆ ? ਤੇ ਖਾਲਿਸਤਾਨੀ ਲਹਿਰ ਦਾ ਕਿੱਡਾ ਕੁ ਵੱਡਾ ਨੁਕਸਾਨ ਕਰ ਸਕੇ ?

• ਦੇਖੋ, ਗੱਲ ਇਸ ਤਰ੍ਹਾਂ ਐ ਕਿ ਪੰਜਾਬ ਦੇ ਵਿਚ ਕਮਿਊਨਿਸਟ ਲਹਿਰ ਦਾ ਜੋ ਆਧਾਰ ਹੈ ਉਹ ਹੁਣ ਖੇਤ ਮਜ਼ਦੂਰਾਂ ਦੇ ਵਿਚ ਜਾਂ ਛੋਟੇ ਕਿਸਾਨਾਂ ਦੇ ਵਿਚ ਹੀ ਨਹੀਂ... ਗਿਆਨ ਸੰਘੇ ਦਾ ਤੁਹਾਨੂੰ ਪਤਾ ਹੀ ਹੈ ਕਿ ਭੱਠਾ ਮਜ਼ਦੂਰਾਂ ਦੇ ਸੰਘਰਸ਼ ਵਿਚ ਬਹੁਤ ਅੱਗੇ ਸੀ ਔਰ ਇਸੇ ਤਰ੍ਹਾਂ ਗੰਨਾ ਅੰਦੋਲਨ ਕਰਨ ਵਾਲੀ ਜਿਹੜੀ ਛੋਟੀ ਕਿਸਾਨੀ ਹੈ। ਖੰਡ ਮਿਲ ਤੇ ਗੰਨੇ ਲਿਆਉਣਾ ਤੇ ਉਨ੍ਹਾਂ ਨੂੰ ਪੂਰਾ ਭਾਅ ਨਾ ਮਿਲਣਾ। ਗਿਆਨ ਸਿੰਘ ਸੰਘਾ ਨੇ ਬੜੇ ਵੱਡੇ ਵੱਡੇ ਅੰਦੋਲਨ ਲੜੇ ਫੈਕਟਰੀ ਗੇਟ ਦੇ ਅੱਗੇ। ਇਹਦੇ ਜਾਣ ਨਾਲ ਸਮੁੱਚਾ ਨੁਕਸਾਨ ਤਾਂ ਕਮਿਊਨਿਸਟ ਲਹਿਰ ਨੂੰ ਹੋਇਆ ਹੀ ਹੋਇਆ ਇਕ ਜੇ ਤੁਸੀਂ ਕਹੋ ਕਿ ਇਹਦਾ ਆਉਣ ਵਾਲੇ ਸਮੇਂ ਵਿਚ ਜਾਂ ਹੁਣ ਕੋਈ ਫਾਇਦਾ ਹੋਇਆ ਮੈਂ ਸਮਝਦਾ ਕਿ ਅੱਜ ਮੈਂ ਦੇਖਦਾ ਪਿਆਂ ਜਿਹਨੂੰ ਕਹਿੰਦੇ ਨੇ ਵਰਗ ਦੀ ਕਤਾਰਬੰਦੀ ਇਹ ਇਕ ਹੁਣ ਨਵੇਂ ਸਿਰੇ ਤੋਂ ਆਈ ਏ। ਕਾਂਗਰਸ ਦੇ ਪਿਛੇ ਜਾਣ ਨਾਲ, ਅਕਾਲੀਆਂ ਦਾ ਆਧਾਰ ਦਰਮਿਆਨੀ ਕਿਸਾਨੀ ਜਾਂ ਧਨੀ ਕਿਸਾਨੀ ਵਿਚ ਹੋਣ ਕਰਕੇ, ਜਿਹੜਾ ਇਕ ਗਰੀਬ ਵਰਗ ਹੈ। ਪੇਂਡੂ ਮਜ਼ਦੂਰ ਦਾ ਜਾਂ ਬਿਲਕੁਲ ਛੋਟੀ ਕਿਸਾਨੀ ਦਾ, ਉਹ ਹੁਣ ਇਹ ਪਏ ਦੇਖਦੇ ਹਨ ਕਿ ਜਦੋਂ ਕੋਈ ਗਲ ਸਮੁੱਚੇ ਪੰਜਾਬ ਦੀ ਲਈ ਜਾਂਦੀ ਹੈ ਤਾਂ ਇਹ ਜਿਹੜੇ ਸਰਦਾਰ ਨੇ ਜਾਂ ਵੱਡੇ ਲੋਕ ਨੇ ਇਹ ਉਸ ਪੰਜਾਬ ਦੇ ਨਾਂ 'ਤੇ ਮੋਰਚੇ ਲਾ ਕੇ ਫਾਇਦੇ ਸਾਰੇ

ਆਪ ਲੈ ਜਾਂਦੇ ਹਨ। ਉਹ ਵਰਗ ਜਿਹੜਾ ਗਰੀਬ ਏ ਉਸੇ ਤਰ੍ਹਾਂ ਹੀ ਰਹਿੰਦਾ ਹੈ। ਇਹ ਘੋਖ ਆਪਣੀ ਸ਼ੁਰੂ ਹੋ ਗਈ ਏ ਕਿ ਕਿਸਾਨੀ ਲੁੱਟੀ ਜਾ ਰਹੀ ਹੈ, ਕਿਹੜੀ ਕਿਸਾਨੀ ?

ਪੰਦਰਾਂ ਵੀਹ ਦਿਨ ਪਹਿਲਾਂ ਜਿਹੜੀ ਇਲੈਕਸ਼ਨ ਹੋਈ ਏ ਤਰਸੇਮ ਯੋਧਾਂ ਦੀ, ਬਾਈ ਇਲੈਕਸ਼ਨ ਦੀ, ਇਹ ਲਾਈਨ ਬੜੀ ਸਪੱਸ਼ਟ ਤੌਰ 'ਤੇ ਖਿੱਚੀ ਗਈ। ਮੈਂ ਸਮਝਦਾ ਕਿ ਗਰੀਬ ਵਰਗ ਨੇ ਪੂਰੀ ਤਰ੍ਹਾਂ ਵੋਟ ਤਰਸੇਮ ਯੋਧਾਂ ਨੂੰ ਪਾਈ ਏ। ਇਹ ਜਦੋਂ ਸਵਾਲ ਉਥੇ ਉੱਠਦੇ ਸਨ ਕਿ ਕਿਸਾਨੀ ਲੁਟੀ ਜਾ ਰਹੀ ਏ ਤਾਂ ਨਾਲ ਇਹ ਵੀ ਸਵਾਲ ਹੁੰਦਾ ਸੀ ਕਿ ਕਿਹੜੀ ਕਿਸਾਨੀ ? ਉਹ ਕਿਸਾਨੀ ਜਿਹੜੀ ਕੋਠੀਆਂ ਦਰ ਕੋਠੀਆਂ ਪਾਈ ਜਾਂਦੇ ਨੇ। ਮੈਂ ਰੋਜ਼ ਪੰਜਾਬ ਵਿਚ ਜਾਨਾਂ ਤੇ ਮੈਂ ਦੇਖਦਾ ਪਿਆਂ ਕਿ ਮਹੱਲਾਂ ਨਾਲੋਂ ਉਚੀਆਂ ਕੋਠੀਆਂ ਹੁਣ ਬਣਦੀਆਂ ਪਈਆਂ ਨੇ ਭਾਵੇਂ ਨਵਾਂ ਸ਼ਹਿਰ ਦਾ ਇਲਾਕਾ, ਭਾਵੇਂ ਗਿੱਦੜਵਾਹੇ ਦਾ ਇਲਾਕਾ ਏ, ਚਾਹੇ ਕੁਝ ਏ। ਹੁਣ ਇਨ੍ਹਾਂ ਲੋਕਾਂ ਨੇ ਆਪਣਾ ਕਿੱਲਾ-ਕਿੱਲਾ ਜ਼ਮੀਨ ਵਿਚ ਕੋਠੀਆਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਨੇ। ਇਨਕਮਟੈਕਸ (ਆਮਦਨੀ ਟੈਕਸ) ਉਹ ਨਹੀਂ ਦੇਂਦੇ। ਹਰ ਇਕ ਕੋਠੀ ਜਿਹੜੀ ਏ, ਸੱਤਰ-ਸੱਤਰ ਲੱਖ ਦੀ ਏ।

? ਜਿਹੜੇ ਜਾਗੀਰਦਾਰ, ਵਗੈਰਾ ਉਨ੍ਹਾਂ ਦੀ ?

• ਧਨੀ ਕਿਸਾਨੀ ਵਾਲੇ ਬਣਾਏ ਪਏ ਨੇ, ਹੁਣ ਇਹ ਤਾਂ ਨਹੀਂ ਲੁੱਟੇ ਜਾ ਰਹੇ ? ਤੇ ਕਿਸਾਨੀ ਦੇ ਨਾਂ 'ਤੇ ਜਿਹੜਾ ਕੋਈ ਫਾਇਦਾ ਹੁੰਦਾ ਉਹ ਇਹ ਲੈ ਜਾਂਦੇ ਨੇ। ਉਹ ਜਿਹੜੀ ਛੋਟੀ ਕਿਸਾਨੀ ਹੈ ਉਹ ਕਰਜ਼ੇ ਦੇ ਥੱਲੇ ਦੱਬੀ ਜਾਂਦੀ ਏ। ਇਹ ਜਿਹੜੀ ਮਾਡਰਨ ਖੇਤੀ ਆ ਇਹਦੇ ਵਿਚ ਜਿੰਨਾਂ ਜ਼ਮੀਨ ਦਾ ਟੋਟਾ ਵੱਡਾ ਹੋਏਗਾ ਉਨੀ ਇਕਾਨਮੀ (ਲਾਹੇਵੰਦੀ) ਦੇ ਨਾਲ ਖੇਤੀ ਕਰ ਸਕਦੇ ਓ ਹੁਣ ਜਿਹੜੀ ਲੋੜ ਏ ਉਹ ਕਿ ਦਸ-ਦਸ ਕੱਠੇ ਕਿਸਾਨ ਰਲ ਕੇ ਉਸ ਕਿਸਮ ਦੀ ਕਾਅਪਰੇਟਿਵ ਫਾਰਮਿੰਗ (ਸਾਹਿਕਾਰੀ ਖੇਤੀ) ਕਰਕੇ ਖੇਤੀ ਕਰਨ ਇਹੋ ਜਿਹੀ ਲਹਿਰ ਚਲਾਈ ਜਾਵੇ। ਪਰ ਜਿਹੜੀ ਲਹਿਰ ਸਿਰਫ਼ ਕਿਸਾਨੀ ਦੇ ਨਾਂ 'ਤੇ ਚਲਾਈ ਜਾਵੇ ਔਰ ਨਾਲ ਲਕੀਰ ਨਾ ਖਿੱਚੀ ਜਾਵੇ ਤਾਂ ਉਹਦਾ ਬਹੁਤ ਫਾਇਦਾ ਹੋਣਾ। ਹੁਣ ਇਹ ਲਕੀਰ ਖਿੱਚਣ ਦੀ, ਵਰਗ ਦੀ, ਹੈ ਅਸਲ ਮਾਅਨਿਆ ਵਿਚ ਕਮਿਊਨਿਸਟ ਇਨਕਲਾਬੀਆਂ ਦੀ ਰਾਜਨੀਤੀ। ਜਿਹਨੂੰ ਸਿਆਸਤ ਦਾ ਆਧਾਰ ਕਹਿਨੇ ਆਂ। ਇਕ ਸਿਆਸਤ ਦਾ ਆਧਾਰ ਹੈ ਕਿ ਸਿੱਖ ਲੁੱਟੇ ਜਾ ਰਹੇ ਨੇ। ਕਿਹੜੇ ਸਿੱਖ ਲੁੱਟੇ ਜਾ ਰਹੇ ਨੇ ? ਇਹ ਸਵਾਲ ਅਗਲਾ ਆਂਦਾ। ਜੇ ਹਸਪਤਾਲਾਂ ਦਾ ਸਿਸਟਮ ਖਰਾਬ ਹੋ ਗਿਆ ਏ ਤਾਂ ਇਹਦੇ ਸਫ਼ਰ (ਫਲ ਭੁਗਤਣ ਵਾਲੇ) ਕੌਣ ਨੇ ? ਵੱਡੇ ਲੋਕ ਕੋਈ ਨਹੀਂ। ਮੈਂ ਵੇਖਣਾ-ਉਹ ਪਰਾਈਵੇਟ ਨਰਸਿੰਗ ਹੋਮਾਂ ਦੇ ਵਿਚ ਐਕਸ-ਰੇ ਵੀ ਕਰਵਾਉਂਦੇ ਨੇ, ਟੈਸਟਾਂ ਵੀ ਕਰਾਉਂਦੇ ਨੇ। ਜੇ ਗੌਰਮਿੰਟ ਦਾ ਅਦਾਰਾ ਖ਼ਤਮ ਹੋ ਗਿਆ ਹਸਪਤਾਲਾਂ ਦਾ, ਬਈ ਉਥੇ ਐਕਸ-ਰੇ ਮਸ਼ੀਨ ਨਹੀਂ ਹੈ, ਕੁਝ ਨਹੀਂ ਏ, ਤਾਂ ਉਹਦਾ ਨੁਕਸਾਨ ਗਰੀਬ ਵਰਗ

ਨੂੰ ਹੈ। ਇਸੇ ਤਰ੍ਹਾਂ ਸਰਕਾਰੀ ਵਿਦਿਆ ਸਿਸਟਮ ਢਹਿ ਢੇਰੀ ਹੋ ਗਿਆ ਤਾਂ ਉਹਦਾ ਨੁਕਸਾਨ ਗਰੀਬ ਵਰਗ ਨੂੰ ਹੈ। ਉੱਤਲੇ ਤਾਂ ਪਬਲਿਕ ਸਕੂਲਾਂ ਵਿਚ ਚਲੇ ਗਏ। ਇਥੇ ਆਈਡੀਆਲੋਜੀ ਆਉਂਦੀ ਏ।

? ਇਥੇ ਹੀ ਭਾਅ ਜੀ ਮੈਂ ਇਕ ਸਵਾਲ ਕਰਨਾ ਚਾਹੁੰਨਾ ?

• ਹਾਂ ਜੀ।

? ਇਹਦੇ ਬਾਰੇ ਵੈਸੇ, ਬਹੁਤ ਕੁਝ ਕਿਹਾ ਜਾ ਸਕਦਾ ਹੈ ਕਿ ਜਿਹੜੀ ਪੰਜਾਬ ਵਿਚ ਦਸ ਪੰਦਰਾਂ ਸਾਲ ਰਹੀ ਉਥਲ-ਪੁਥਲ, ਮਤਲਬ ਜਿਹੜਾ ਖ਼ੂਨ ਖਰਾਬਾ ਰਿਹਾ। ਉਹਨੇ ਲੋਕਾਂ ਨੂੰ ਕੁਝ ਨਹੀਂ ਦਿੱਤਾ। ਚਾਹੇ ਅਸੀਂ ਨੈਗੇਟਿਵ ਰੀਜਲਟ (ਨਾਂਹ ਪੱਖੀ ਪਹਿਲੂ) ਤੋਂ ਕੁਝ ਸਿਖਿਆ ਜਾਂ ਜਿਹਨੂੰ ਤੁਸੀਂ ਪੋਲਰਾਈਜੇਸ਼ਨ (ਧਰੁਵੀਕਰਨ) ਵਲ ਨੂੰ ਵਧੇ ਕਿਹਾ। ਮੇਰਾ ਮਤਲਬ ਇਸ ਲਹਿਰ ਦਾ ਸਮਾਜਿਕ ਆਰਥਿਕ ਆਧਾਰ ਤੁਸੀਂ ਕੀ ਸਮਝਦੇ ਸੀਗੇ। ਰਾਜਨੀਤਿਕ ਆਧਾਰ ਤਾਂ ਸਪੱਸ਼ਟ ਹੈ ਕਿ ਰੂਲਿੰਗ ਕਲਾਸਜ (ਹਾਕਮ ਜਮਾਤਾਂ) ਨੇ ਕਰਾਇਆ। ਪਰ ਸਮਾਜਿਕ-ਆਰਥਿਕ ਆਧਾਰ ਕੀ ਹੈ, ਕਿਉਂਕਿ ਤੁਸੀਂ ਸਮਾਜ ਵਿਚ ਵਿਚਰ ਰਹੇ ਹੋ, ਤੁਹਾਡੀ ਸਮਾਜ ਬਾਰੇ ਮਨੋਵਿਗਿਆਨਕ ਸਟੱਡੀ ਵੀ ਜ਼ਿਆਦਾ ਹੈ। ਕੀ ਆਧਾਰ ਸੀਗਾ ?

• ਇਹਦਾ ਆਧਾਰ ਇਹ ਸੀ ਕਿ ਜਿਹੜੇ ਛੋਟੀ ਕਿਸਾਨੀ ਦੇ ਬੱਚੇ, ਜਿਹੜੇ ਬੜੀ ਵੱਡੀ ਗਿਣਤੀ ਵਿਚ ਦਸਵੀਂ ਗਿਆਰਵੀਂ ਪਾਸ ਕਰ ਕੇ ਨਿਕਲ ਰਹੇ ਨੇ, ਉਹ ਕੀ ਕਰਨ? ਕਿਥੇ ਜਾਣ ? ਉਹ ਦੇਖਦੇ ਪਏ ਨੇ ਉਨ੍ਹਾਂ ਲਈ ਭਵਿੱਖ ਵਿਚ ਕੁਝ ਨਹੀਂ। ਜਾਂ ਜਾ ਕੇ, ਜ਼ਮੀਨਾਂ ਵੇਚ ਕੇ, ਮਾਪਿਆਂ ਨੂੰ ਤੰਗ ਕਰਕੇ, ਜਾ ਕੇ ਸਮੁੰਦਰਾਂ ਦੇ ਵਿਚ ਡੁੱਬਦੇ ਪਏ ਨੇ। ਮੇਰਾ ਮਤਲਬ ਉਹ ਇਥੋਂ ਭੱਜਣਾ, ਨੱਸਣਾ ਚਾਹੁੰਦੇ ਨੇ। ਰਾਹ ਨਹੀਂ ਲੱਭਦਾ ਪਿਆ ਉਹਨਾਂ ਨੂੰ ਇਹ ਜਿਹੜਾ ਸਵਾਲ ਹੈ ਅੱਤਵਾਦ ਦਾ ਇਹਦੇ ਵਿਚ ਮਜ਼ਦੂਰ ਤਬਕਾ ਨਹੀਂ ਸੀ ਸ਼ਾਮਲ।

? ਹਾਂ ਜੀ। ਹਾਂ ਜੀ।

• ਇਹਦੇ ਵਿਚ ਫਰਸਟ੍ਰੇਸ਼ਨ (ਨਿਰਾਸ਼ਾ) ਸਾਰੇ ਛੋਟੀ ਕਿਸਾਨ ਦੇ ਨੌਜੁਆਨਾਂ ਨੂੰ ਸੀ। ਤੇ ਸਿੱਖ ਸਟੂਡੈਂਟ ਫੈਡਰੇਸ਼ਨ ਨੇ ਸ਼ਹਿਰ ਦੇ ਮਿਡਲ ਕਲਾਸ (ਦਰਮਿਆਨੇ ਤਬਕੇ) ਨੂੰ ਵੀ ਪ੍ਰਭਾਵਿਤ ਕੀਤਾ। ਪਰ ਸ਼ਹਿਰ ਦੇ ਮਿਡਲ ਕਲਾਸ ਨੇ ਨੁਕਸਾਨ ਨਹੀਂ ਆਪਣਾ ਕਰਵਾਇਆ। ਅੱਜ ਜਦੋਂ ਗਿਣਾਂ ਪੰਜੀ ਹਜ਼ਾਰ ਲੋਕ ਮਰੇ, ਉਹ ਟੱਬਰਾਂ ਦੇ ਟੱਬਰ ਜਿਹੜੇ ਮਰੇ, ਜਾਂ ਉਹ ਜਿਨਾਂ ਦੇ ਟੱਬਰਾਂ ਦੇ ਟੱਬਰਾਂ ਦੇ ਨੁਕਸਾਨ ਹੋਏ, ਉਹ ਬਹੁਤੇ ਛੋਟੀ ਕਿਸਾਨੀ ਜਾਂ ਦਰਮਿਆਨੀ ਕਿਸਾਨੀ ਦੇ ਹੋਏ ਨੇ। ਪੁਲਿਸ ਦੇ ਹੱਥੋਂ ਵੀ ਤੇ ਅੱਤਵਾਦ ਦੇ ਹੱਥੋਂ ਵੀ। ਜਿਹੜੀਆਂ ਫਿਰੌਤੀਆਂ ਲਈਆਂ, ਉਹ ਮੁੱਖ ਤੌਰ 'ਤੇ ਇਨਾਂ ਕੋਲੋਂ ਹੀ ਲੈਣ ਦੇ ਉਨ੍ਹਾਂ ਨੇ ਯਤਨ ਕੀਤੇ। ਮੈਨੂੰ ਪਤਾ ਹੈ ਕਿ ਫਿਰੌਤੀਆਂ ਇਹ ਜਿਹੜੇ ਵੱਡੇ ਧਨੀ ਕਿਸਾਨ ਨੇ ਜਾਂ ਜਗੀਰਦਾਰ ਨੇ ਇਨਾਂ ਕੋਲੋਂ ਨਹੀਂ ਲਈਆਂ। ਉਂਜ ਇਨਾਂ ਫੰਡ ਬੜੇ ਦਿੱਤੇ ਨੇ ਉਸ ਮੂਵਮੈਂਟ ਨੂੰ। ਫੰਡ ਦੇ ਕੇ

ਆਪਣੇ ਆਪ ਦਾ ਬਚਾ ਰੱਖਿਆ। ਸੋ ਇਹ ਅਧਾਰ ਜਿਹੜਾ ਹੋਇਆ, ਇਸ ਲਹਿਰ ਦਾ ਉਹ ਬੇਰੁਜ਼ਗਾਰ ਨੌਜਵਾਨ ਹੀ ਸਨ।

1968-69 ਵਿਚ ਵੀ, ਉਸ ਤੋਂ ਪਹਿਲਾਂ ਵੀ, ਨਕਸਲਾਈਟ ਦਾ ਵੀ ਕਿਹਾ ਜਾਂਦਾ ਹੈ ਕਿ ਇਸ ਤਬਕੇ ਨੇ ਉਨ੍ਹਾਂ ਨੂੰ ਵੀ ਸਪੋਰਟ (ਮਦਦ) ਦਿੱਤੀ। ਪਰ ਉਹ ਕਿਉਂਕਿ ਉਸ ਪਾਲੇਟਿਕਸ (ਰਾਜਨੀਤੀ) ਨਾਲ, ਵਰਗ ਪਾਲੇਟਿਕਸ ਨਾਲ ਜੁੜੇ ਹੋਏ ਸਨ, ਉਨ੍ਹਾਂ ਨੇ ਕੋਈ ਇਨੋਸੈਂਟ (ਮਾਸੂਮ) ਲੋਕਾਂ ਦੀਆਂ ਕਿਲਿੰਗਜ਼ (ਕਤਲ) ਨਹੀਂ ਕੀਤੀਆਂ। ਹਥਿਆਰਬੰਦ ਉਨ੍ਹਾਂ ਦੇ ਜੋ ਨਿਸ਼ਾਨੇ ਵੀ ਸਨ ਤਾਂ ਉਹ ਦੁਸ਼ਮਣ ਨੂੰ ਪਹਿਚਾਣਦੇ ਸਨ। ਇਨਾਂ ਦੁਸ਼ਮਣ ਨੂੰ ਕੋਈ ਨਹੀਂ ਪਛਾਣਿਆ ਬਿਲਕੁਲ ਨਹੀਂ ਪਛਾਣਿਆ। ਇਨਾਂ ਨੇ ਦਹਿਸ਼ਤ ਕੀਤੀ ਹੈ। ਫਰਕ ਇਹ ਕਰਨਾ ਚਾਹੁੰਦੇ ਕਿ ਜਿਹੜੀ ਨਕਸਲਾਈਟ ਮੂਵਮੈਂਟ ਸੀ ਉਹਦੇ ਵਿਚ ਦਹਿਸ਼ਤਗਰਦੀ ਨਹੀਂ ਸੀ। ਉਹਦੇ ਵਿਚ ਸੰਘਰਸ਼ ਹਥਿਆਰਬੰਦ ਸੰਘਰਸ਼ ਵੀ ਸੀ, ਉਹਦੇ ਵਿਚ ਦਹਿਸ਼ਤਗਰਦੀ ਨਾਲ ਨਹੀਂ ਸੀ ਕਦੇ। ਐਵੇਂ ਦਸ ਬੰਦੇ ਮਾਰ ਦਿਓ ਤੇ ਦਹਿਸ਼ਤ ਪਾ ਦਿਓ। ਇਨਾਂ ਦਾ ਕਿਉਂਕਿ ਏਮ (ਲਕਸ਼) ਹੀ ਨਹੀਂ ਸੀ, ਇਨਾਂ ਨੇ ਹਥਿਆਰ ਦਹਿਸ਼ਤ ਪਾਉਣ ਲਈ ਵਰਤੇ। ਅੱਜ ਵੀ ਜਦੋਂ ਇਹ ਪੁਛਿਆ ਜਾਵੇ ਤਾਂ ਉਹ ਅਧਾਰ ਅੱਜ ਵੀ ਹੈ, ਅੱਜ ਵੀ ਕਿਹੜਾ ਕੋਈ ਮਸਲਾ ਹੱਲ ਹੋਇਆ। ਵਾਕਿਆ ਨਹੀਂ ਹੋਇਆ। ਇਸ ਕਰਕੇ ਹਰ ਵੇਲੇ ਖਤਰਾ ਏ ਕਦੀ ਕੋਈ ਲਹਿਰ ਉਠੇਗੀ। ਪਰ ਇਸ ਖਤਰੇ ਨੂੰ ਲੋਕ ਹਿੱਤ ਵਾਸਤੇ ਵਰਤਣਾ, ਹੁਣ ਕਮਿਊਨਿਸਟ ਇਨਕਲਾਬੀਆਂ ਦਾ ਵੱਡਾ ਫਿਕਰ ਹੋਣਾ ਚਾਹੀਦੈ। ਜਦੋਂ ਇਹ ਮਾਯੂਸ ਹੋਣ, ਹੁਣ ਫਰਸ਼ਟ੍ਰੇਸ਼ਨ (ਨਿਰਾਸ਼ਾ) ਆਵੇ ਯੂਥ (ਨੌਜੁਆਨਾਂ) ਵਿਚ ਤਾਂ ਉਹ ਇਸ ਸਿਸਟਮ ਨੂੰ ਬਦਲਣ ਵਾਸਤੇ ਵਰਤੀ ਜਾਏ ਨਾ ਕਿ ਦਹਿਸ਼ਤ ਪਾਣ ਲਈ ਜਾਂ ਧਾਰਮਿਕ ਦਹਿਸ਼ਤ ਪਾਣ ਵਾਸਤੇ। ਹੁਣ ਮੈਂ ਇਕ ਮਿਸਾਲ ਹੋਰ ਦੇ ਕੇ ਕਹਿੰਨਾ, ਵੈਸੇ ਹੁਣ ਸਿਆਣੇ ਹੋਏ ਨੇ, ਅਕਾਲੀਆਂ ਨੂੰ ਹਕੂਮਤ ਕਰਦਿਆਂ ਸੌ ਦਿਨ ਹੋ ਗਏ ਨੇ, ਇਨਾਂ ਨੇ ਵੀ ਆਪਣਾ ਹੁਣ ਇਕ ਧੁਰਾ ਕਰ ਦਿੱਤਾ ਏ ਕਿ ਸੈਂਟਰ ਸਾਨੂੰ ਪੈਕਜ ਦੇਵੇ, ਸੈਂਟਰ ਸਾਨੂੰ ਇਹ ਦੇਵੇ, ਸੈਂਟਰ ਸਾਨੂੰ ਉਹ ਦੇਵੇ...ਉਹ ਆਪਣਾ ਜਿਹੜਾ ਨਜ਼ਾਮ ਹੈਗਾ...ਇਕ ਪਾਸੇ ਤਾਂ ਤੁਸੀਂ ਖੁਦਮੁਖਤਿਆਰੀ ਮੰਗਦੇ ਹੋ, ਤੇ ਖੁਦਮੁਖਤਿਆਰੀ ਮਿਲੀ ਹੋਈ ਆ...ਤੁਹਾਨੂੰ ਕੋਈ ਮਨਾਂ ਨਹੀਂ ਕਰਦਾ ਕਿ ਪੰਜਾਬ ਵਿਚ ਤੁਸੀਂ ਚੰਗੀ ਹਕੂਮਤ ਨਾ ਬਣਾਓ...ਕੌਣ ਮਨਾਂ ਕਰਦਾ ਪਿਆ...ਆਪਣੀਆਂ ਕਰਨਗੇ...ਆਪਣੀਆਂ ਸਰਦਾਰੀਆਂ ਚਲਾਉਂਦੇ ਰਹਿਣਗੇ...ਗਰੀਬ ਵਰਗ ਨੂੰ ਥੋੜਾ ਜਿਹਾ ਇਕਵੰਜਾ ਸੌ ਰੁਪਿਆ ਸੁੱਟ ਦਿਓ, ਜਿਸ ਤਰ੍ਹਾਂ ਅੱਗੇ ਵੱਡੇ ਸਰਦਾਰ ਸੁੱਟਦੇ ਸਨ...ਬਈ ਕੰਮੀਆਂ ਦੀ ਧੀ ਦਾ ਵਿਆਹ ਏ, ਸ਼ਗਨ ਪਾ ਦਿੱਤਾ...ਉਹਦਾ ਨਾਂ ਹੀ ਸ਼ਗਨ ਰੱਖਿਆ...ਮਤਲਬ ਏ ਕਿ ਹੱਕ ਤੇ ਸ਼ਗਨ ਵਿਚ ਫਰਕ ਹੈ...

? ਹਾ ਜੀ! ਹਾਂ ਜੀ!

- ਹੱਕ ਹੈ ਗਰੀਬ ਵਰਗ ਦਾ ਕਿ ਜਿਹੜੀ ਟੋਟਲ ਮਨੀ (ਸਾਰਾ ਪੈਸਾ), ਉਹ ਉਨ੍ਹਾਂ ਵਾਸਤੇ ਇਸਤੇਮਾਲ ਹੋਵੇ। ਉਨ੍ਹਾਂ ਵਾਸਤੇ ਚੰਗੇ ਘਰ, ਚੰਗੇ ਸਕੂਲ ਹੋਣ। ਜਿਹੜੇ ਵਰਗ ਨੂੰ ਲੋੜ ਹੈ ਉਧਰ ਧਿਆਨ ਨਹੀਂ ਦੇਣਗੇ। ਯਾਨੀ ਗਰੀਬ ਵਰਗ ਵੱਲ ਨਹੀਂ। ਇਹ ਜਿਹੜੀ ਫਰਸਟ੍ਰੇਸ਼ਨ (ਮਾਯੂਸੀ) ਏ, ਕੱਲ ਨੂੰ ਕਾਂਗਰਸ ਨੂੰ ਮਦਦ ਵੀ ਕਰ ਸਕਦੀ ਹੈ। ਇਥੇ ਹੁਣ ਕਮਿਊਨਿਸਟ ਇਨਕਲਾਬੀਆਂ ਦਾ ਜਾਂ ਕਮਿਊਨਿਸਟ ਵਿਚਾਰਧਾਰਾ ਦੇ ਲੋਕਾਂ ਦਾ ਇਹ ਫਰਜ਼ ਹੈ ਕਿ ਲੋਕਾਂ ਦੀ ਇਸ ਫਰਸਟ੍ਰੇਸ਼ਨ ਨੂੰ ਇਸ ਸਿਸਟਮ ਨੂੰ ਬਦਲਣ ਲਈ ਵਰਤਣ।

? ਇਹ ਭਾਅ ਜੀ ਤੁਸੀਂ ਠੀਕ ਕਿਹਾ। ਮਤਲਬ ਤੁਹਾਡੇ ਖੁਦ ਵੀ ਜਿਹੜੇ ਨਾਟਕ ਆ, ਤੁਹਾਡੀ ਸੋਚ ਦਾ ਬੁਨਿਆਦੀ ਅਕੀਦਾ ਆ, ਤੁਸੀਂ ਹਰ ਪ੍ਰਕਾਰ ਦੀ ਬੇਇਨਸਾਫ਼ੀ ਦੇ ਖਿਲਾਫ਼ ਜ਼ਿੰਦਗੀ ਭਰ ਸੰਘਰਸ਼ ਕੀਤਾ...ਤੇ ਹਰ ਤਰ੍ਹਾਂ ਦੀ ਦਹਿਸ਼ਤਗਰਦੀ ਦੇ ਖਿਲਾਫ਼ ਵੀ। ਜਿਵੇਂ ਹਕੂਮਤੀ ਦਹਿਸ਼ਤਗਰਦੀ ਹੈ ਉਹਦੇ ਵਿਰੁੱਧ ਵੀ, ਤੁਹਾਡੇ ਬੜੇ ਅੱਛੇ ਨਾਟਕ ਹੈਗੇ ਆ। ਦਹਿਸ਼ਤਗਰਦੀ ਦਾ ਸ਼ਿਕਾਰ ਹੋਏ ਤੇ ਜਿਵੇਂ ਕਾਲਾ ਸੰਘਿਆ ਦੇ ਸਾਥੀ ਤੇਜਾ ਸਿੰਘ, ਜੋਗਿੰਦਰ ਸਿੰਘ...ਉਹ ਵੀ ਹਕੂਮਤੀ ਦਹਿਸ਼ਤਗਰਦੀ ਦਾ ਸ਼ਿਕਾਰ ਹੋਏ। ਹੋਰ ਬਹੁਤ ਸਾਰੇ ਨਾਂ ਲਏ ਜਾ ਸਕਦੇ ਆ, ਆਪਣੇ, ਮੰਗੂਵਾਲ ਤੇ ਦਦਾਹੂਰ ਵਾਲੇ ਸਾਥੀ ਤੇ ਹੋਰ ਵੀ...ਲਗਭਗ ਅੱਸੀ ਦੇ ਕਰੀਬ ਸਾਥੀ ਸ਼ਹੀਦ ਹੋਏ...

- ਚੌਰਾਸੀ...ਚੌਰਾਸੀ।

? ਚੌਰਾਸੀ ਦੇ ਕਰੀਬ ਤਾਂ ਆਪਣੇ ਕੋਲ ਲਿਸਟ ਈ ਹੈ, ਮਤਲਬ ਇਹ ਕਿ ਇਸ ਦੌਰ ਉਹ ਸੀ। ਜਦੋਂ ਪੁਲਿਸ ਨੇ ਮਾਰਿਆ ਸਟੇਟ ਦੀ ਦਹਿਸ਼ਤਗਰਦੀ ਸੀ। ਪੂਰੇ ਇੰਡੀਆ ਵਿਚ ਮਾਰਿਆ ਜਾ ਰਿਹਾ ਸੀ। ਇਕ ਹੁਣ ਇਹ ਦੌਰ ਚਲਿਆ ਜਦੋਂ ਖਾਲਿਸਤਾਨੀਆਂ ਨੇ ਮਾਰਿਆ। ਇਹਨੂੰ ਆਪਾਂ ਕਿੱਦਾਂ ਸੋਚੀਏ ? ਕੀ ਇਹਦੇ ਵਿਚ ਕੋਈ ਲਿੰਕ (ਸੰਬੰਧ) ਏ ?

- ਇਹਦੇ ਵਿਚ ਲਿੰਕ ਤਾਂ ਹੈਗੀ ਹੈ ਨਾ...ਕਿ ਜਿਹੜੇ ਉਤਲੇ ਤਬਕੇ ਨੇ ਉਹ ਸਮਝਦੇ ਨੇ ਕਮਿਊਨਿਸਟਾਂ ਨੂੰ, ਜਾਂ ਕਮਿਊਨਿਸਟ ਇਨਕਲਾਬੀਆਂ ਨੂੰ ਆਪਣਾ ਦੁਸ਼ਮਣ। ਇਹਦੇ ਵਿਚ ਕੋਈ ਸ਼ੱਕ ਨਹੀਂ ਹੋਣਾ ਚਾਹੀਦਾ।

? ਹਾਂ ਜੀ।

- ਮੈਂ ਜਦੋਂ ਇਲੈਕਸ਼ਨਾਂ ਵਿਚ ਆਉਣਾ ਤਾਂ ਮੈਂ ਦੇਖਦਾ ਪਿਆਂ। ਉਸ ਵੇਲੇ ਜਦੋਂ ਕਮਿਊਨਿਸਟ ਇਨਕਲਾਬੀਆਂ ਨੇ ਜਾਨਾਂ ਦਿੱਤੀਆਂ ਉਦੋਂ ਹਿੰਦੂ ਬੜੀ ਤਕਲੀਫ਼ ਵਿਚ ਸੀ ਪੰਜਾਬ ਵਿਚ। ਪਰ ਜਦੋਂ ਇਲੈਕਸ਼ਨਾਂ ਹੋਈਆਂ ਕਿਸੇ ਹਿੰਦੂ ਵਰਗ ਨੇ ਕਿਸੇ ਕਮਿਊਨਿਸਟ ਨੂੰ ਵੋਟ ਨਹੀਂ ਦਿੱਤੀ, ਨਾ ਪੰਚਾਇਤ ਵਿਚ ਤੇ ਨਾ ਦੂਜੇ ਵਿਚ। ਕਿਉਂਕਿ ਬੁਨਿਆਦੀ ਤੌਰ 'ਤੇ ਜਿਹੜਾ ਹਿੰਦੂ ਵਰਗ ਹੈ ਵਪਾਰੀ ਤਬਕੇ ਵਿਚੋਂ ਹੈ। ਇਸ ਕਰਕੇ ਅਸੀਂ ਜਦੋਂ ਵੀ ਕੋਈ ਅਨੈਲੇਸਿਜ (ਵਿਸ਼ਲੇਸ਼ਣ) ਕਰੀਏ ਸਾਨੂੰ ਇਹ

ਪਤਾ ਹੋਣਾ ਚਾਹੀਦਾ ਹੈ ਕਿ ਇਹ ਕਿਹੜੇ ਲੋਗ ਨੇ ਅਸੀਂ ਕਿਹੜੇ ਲਈ ਕੀਤਾ। ਇਹ ਮੰਨ ਲੈਣਾ ਚਾਹੀਦਾ ਹੈ ਕਿ ਹਕੂਮਤ ਦੀ ਦਹਿਸ਼ਤਗਰਦੀ ਨੇ ਵੀ ਜਿਹੜੇ ਬੰਦੇ ਮਾਰੇ ਬਾਬਾ ਬੂਝਾ ਸਿੰਘ ਦੂਜੇ ਉਨ੍ਹਾਂ ਨੇ, ਇਹ ਜਿਹੜਾ ਉਤਲਾ ਵਰਗ ਏ, ਦੇਖ ਲਿਆ ਸੀ ਕਿ ਇਹ ਖਤਰਾ ਸਾਬਿਤ ਹੋ ਸਕਦੇ ਨੇ...ਇਸ ਕਰਕੇ ਉਨ੍ਹਾਂ ਨੇ ਇਕ ਤਰ੍ਹਾਂ ਦੀ ਹਿੱਟ ਲਿਸਟ ਬਣਾ ਕੇ ਹੀ ਮਾਰਿਆ। ਅਸ਼ਵਨੀ ਕੁਮਾਰ ਹੋਰਾਂ ਨੂੰ ਤਾਕਤਾਂ ਦੇਣੀਆਂ ਕਿ ਮਾਰ ਸਕਦੇ ਹੋ ਤੁਸੀਂ, ਝੂਠੇ ਪੁਲਿਸ ਮੁਕਾਬਲੇ ਬਣਾ ਸਕਦੇ ਓ, ਇਹ ਗੱਲਾਂ ਤਾਂ ਉਦੋਂ ਦੀਆਂ ਹੀ ਸ਼ੁਰੂ ਹੋਈਆਂ ਨੇ। ਖਾਲਿਸਤਾਨੀ ਲਹਿਰ ਦਾ ਇਸੇ ਕਰਕੇ ਹੀ ਵਿਰੋਧ ਕਰਦੇ ਸਾਂ ਕਿ ਇਹ ਲਹਿਰ ਜਿਹੜੀ ਆ ਅਸਲੀ ਸਮਾਜਿਕ ਨਿਆਂ ਵਾਲੀ ਜੋ ਜਨਰਲ ਲਹਿਰ ਚਲ ਰਹੀ ਏ, ਇਹ ਉਸ ਨੂੰ ਨੁਕਸਾਨ ਪਹੁੰਚਾਏਗੀ। ਤੇ ਉਹ ਵੀ ਅੱਗੇ ਪਛਾਣਦੇ ਸਨ, ਇਹ ਮੈਂ ਹੁਣ ਨਹੀਂ ਕਹਿ ਸਕਦਾ ਕਿ ਇਹ ਭਿੰਡਰਾਂਵਾਲੇ ਜਾਂ ਇਹ ਜਿਹੜੇ ਹੈਗੇ ਸੀ ਇਹ ਚੇਤੰਨ ਤੌਰ 'ਤੇ ਕੋਈ ਵੱਡੇ ਵਰਗ ਦੇ ਪ੍ਰਤੀਨਿੱਧੀ ਸਨ, ਪਰ ਅਚੇਤ ਤੌਰ 'ਤੇ ਇਹ ਉਹਦੀ ਹੀ ਸਰਵਿਸ ਕਰ ਰਹੇ ਸਨ।

? ਹਾਂ ਜੀ।

• ਇਹ ਸਾਨੂੰ ਸਮਝ ਲੈਣਾ ਚਾਹੀਦਾ ਹੈ, ਅਸੀਂ ਇਹ ਇੰਜ ਪੱਕਾ ਨਹੀਂ ਕਹਿ ਸਕਦੇ ਕਿ ਇਹ ਜਾਗੀਰਦਾਰੀ ਦੇ ਏਜੰਟ ਸਨ, ਇਹ ਸਰਵਿਸ ਉਨ੍ਹਾਂ ਦੀ ਹੀ ਕਰ ਰਹੇ ਸਨ। ਉਨ੍ਹਾਂ ਨੇ ਆਧਾਰ ਆਪਣਾ ਹੋਰ ਬਣਾ ਲਿਆ ਕਿ ਪੰਜਾਬ ਦੇ ਵਿਚ ਸਿੱਖਾਂ ਦੀ ਡੋਮੀਨੇਸ਼ਨ ਚਾਹੀਦੀ ਏ, ਸਿੱਖਾਂ ਦਾ ਬੋਲਬਾਲਾ ਹੋਣਾ ਚਾਹੀਦਾ ਹੈ। ਉਸ ਪੋਲੇਟਿਕਸ ਨੂੰ ਬਣਾ ਕੇ ਸਰਵ ਉਹ ਵੀ ਉਸੇ ਜਮਾਤ ਨੂੰ ਕਰ ਰਹੇ ਸਨ। ਇਸ ਕਰਕੇ ਜਦੋਂ ਕਮਿਊਨਿਸਟ ਇਨਕਲਾਬੀਆਂ ਦੀਆਂ ਸ਼ਹਾਦਤਾਂ ਹੋਈਆਂ ਤਾਂ ਮੈਂ ਮਹਿਸੂਸ ਕੀਤਾ ਕੋਈ ਹੋਰ ਲੋਕ ਇਨਾਂ ਦੀ ਸ਼ਹੀਦੀ ਸਮਾਗਮਾਂ ਵਿਚ ਨਹੀਂ ਆਏ ਸਿਰਫ਼ ਗਰੀਬ ਲੋਕ ਗਏ। ਬਲਦੇਵ ਮਾਨ ਦੀ ਜਦੋਂ ਸ਼ਰਧਾਂਜਲੀ ਹੋ ਰਹੀ ਸੀ ਤਾਂ ਮੈਨੂੰ ਪਤਾ ਉਸ ਵੇਲੇ ਬਰਨਾਲਾ ਵਗੈਰਾ ਹਕੂਮਤ ਵਿਚ ਆਏ ਸਨ ਤੇ ਇਨਾਂ ਨੇ ਫੱਟੀਆਂ ਵੀ ਪਾਣੀਆਂ ਸ਼ੁਰੂ ਕਰ ਦਿੱਤੀਆਂ ਕਿ 'ਹਮ ਪਾਪੀ...ਹੈਂ...'

ਹਾਂ, 'ਹਮ ਪਾਪੀ ਤੁਮ ਬਖਸ਼ਣਹਾਰ' ਇਹ ਇਹਨੇ...ਪਾਇਆ ਗਲ ਵਿਚ। ਮੈਂ ਬਲਦੇਵ ਦੇ ਸ਼ਹੀਦੀ ਸਮਾਗਮ ਵਿਚ ਕਿਹਾ ਕਿ ਪਹਿਲੇ ਗ਼ਲਤੀਆਂ ਕਰਦੇ ਨੇ ਫਿਰ ਮੁਆਫੀਆਂ ਮੰਗਦੇ ਨੇ। ਮੈਂ ਤੁਕ ਬੋਲੀ। ਉਦੋਂ ਮੈਨੂੰ ਸ਼ਾਮ ਨੂੰ ਸੁਨੇਹਾ ਆਇਆ ਕਿ ਭਾਅ ਜੀ ਨੇ ਗੁਰਬਾਣੀ ਦੀ ਤੁਕ ਦਾ ਨਿਰਾਦਰ ਕੀਤਾ। ਨਿਰਾਦਰ ਤਾਂ ਇਹ ਪਏ ਕਰਦੇ ਸਨ। ਮਤਲਬ ਫਿਰ ਹਰਿਮੰਦਰ ਸਾਹਿਬ ਦੇ ਵਿਚ ਫੌਜ ਵੀ ਆ ਗਈ, ਪੁਲਿਸ ਵੀ ਆ ਗਈ, ਸੋ ਇਹ ਸਾਰੇ ਮੌਕਾਪ੍ਰਸਤ ਬੰਦੇ, ਇਨਾਂ ਨੂੰ ਆਪੋਜ਼ (ਵਿਰੋਧ) ਕਰਦਿਆਂ ਸਾਡਿਆਂ ਬੰਦਿਆਂ ਨੇ ਸ਼ਹਾਦਤਾਂ ਪਾਈਆ। ਔਰ ਇਹ ਪਹਿਚਾਣਦੇ ਸਨ, ਮੈਂ ਹੁਣ ਦੇਖਦਾ ਹਾਂ ਕਿ ਅਕਾਲੀਆਂ ਨੇ ਬਹੁਤ ਭਾਰੀ ਫਾਇਦਾ ਉਠਾਇਆ। ਮਰੇ ਤਾਂ ਪੰਝੀ ਹਜ਼ਾਰ ਬੰਦੇ ਸਾਧਾਰਨ ਪੰਜਾਬੀ। ਉਦੋਂ ਬਾਦਲ ਦੇ ਇਹ ਸਾਰੇ ਪੁੱਤਰ,

ਭਤੀਜੇ ਅਮਰੀਕਾ ਵਿਚ ਸਨ, ਇਹ ਇਧਰ ਨਹੀਂ ਵੜੇ ਤੇ ਹੁਣ ਇਲੈਕਸ਼ਨਾਂ ਵਿਚ ਇਹ ਸਾਰੇ ਆ ਗਏ ਨੇ, ਵੱਡੇ ਬਣ ਗਏ ਨੇ। ਸੋ ਕਹਿਣ ਦਾ ਮਤਲਬ ਇਹ ਹੈ ਕਿ ਸਾਨੂੰ ਪਹਿਚਾਣ ਲੈਣਾ ਚਾਹੀਦਾ ਹੈ ਕਿ ਸਾਡੇ ਦੁਸ਼ਮਣ ਕੌਣ ਨੇ, ਇਹ ਦੁਸ਼ਮਣ ਕਦੇ ਕਿਸੇ ਰੂਪ ਵਿਚ ਆਣਗੇ, ਕਦੇ ਕਿਸੇ ਰੂਪ ਵਿਚ ਆਣਗੇ। ਔਰ ਕਈ ਵਾਰ ਸਾਡੇ ਲੋਕ ਵਰਤੇ ਜਾਂਦੇ ਨੇ, ਹੁਣ ਮੈਂ ਕਵਾਂ ਸਾਰੇ ਜਿਹੜੇ ਅਤਿਵਾਦੀ ਜਾਂ ਖਾਲਿਸਤਾਨੀ ਲਹਿਰ ਦੇ ਬੰਦੇ ਸਨ ਉਹ ਬੜੇ ਗ਼ਲਤ ਸਨ ਜਾਂ ਕੁਝ ਉਨ੍ਹਾਂ ਵਿਚੋਂ ਸਾਧਾਰਨ ਨੌਜੁਆਨ ਬੱਚੇ ਗੁਮਰਾਹ ਹੋ ਕੇ ਇਨਾਂ ਨਾਲ ਹੋਏ ਬੜੀ ਤਬਾਹੀ ਵੀ ਹੋਈ, ਤਬਾਹੀ ਤਾਂ ਉਨ੍ਹਾਂ ਦੀ ਹੋਈ ਹੈ ਨਾ...।

? ਉਹ ਤਾਂ ਫਿਰ ਇਕ ਤਰ੍ਹਾਂ ਨਾਲ ਤੋਪ ਦਾ ਚਾਰਾ ਹੀ ਹੋਏ ? ਅਕਾਲੀਆਂ ਦਾ ਤੁਸੀਂ ਇਹਦੇ ਵਿਚ ਕਿੰਨਾ ਕੁ ਦੋਸ਼ ਸਮਝਦੇ ਹੋ ? ਅਸੀਂ ਇਹ ਸਮਝਦੇ ਹਾਂ ਕਿ ਇਹਦੇ ਵਿਚ ਮੁਖ ਤੌਰ 'ਤੇ ਸਾਰਾ ਕੁਝ ਕਾਂਗਰਸ ਨੇ ਕੀਤਾ ਸੀ। ਪਰ ਅਕਾਲੀ ਵੀ ਤਾਂ...

• ਇਸ ਗਲੋਂ ਮੈਂ ਤੁਹਾਨੂੰ ਪ੍ਰੋ. ਰਣਧੀਰ ਸਿੰਘ, ਉਨ੍ਹਾਂ ਨੇ ਬਹੁਤ ਵਾਰੀ ਇਸ ਦੀ ਬਹੁਤ ਅੱਛੀ ਅਨੈਲੇਸਿਜ਼ (ਵਿਸ਼ਲੇਸ਼ਣ) ਕੀਤੀ ਏ-ਇਹ ਜਿਹੜੀ ਫਿਰਕਾ ਪ੍ਰਸਤੀ ਹੈ ਜਾਂ ਇਹ ਜਿਹੜੀ ਮੂਲਵਾਦੀ ਵਿਚਾਰਧਾਰਾ ਹੈ ਇਹ ਉਪਰਲੀ ਰੂਲਿੰਗ ਕਲਾਸਜ਼ (ਹਾਕਮ ਵਰਗਾਂ) ਦਾ ਇਹ ਪੈਂਤੜਾ ਏ। ਇਹ ਭਾਵੇਂਭ ਮੁਸਲਿਮ ਫੰਡਾਮਿਨਟਿਲਿਜ਼ਮ ਹੋਵੇ, ਭਾਵੇਂ ਸਿੱਖ ਫੰਡਾਮਿਟਲਿਜ਼ਮ ਹੋਵੇ ਭਾਵੇਂ ਹਿੰਦੂ ਫੰਡਾਮਿਟਲਿਜ਼ਮ ਨੇ ਬੀ. ਜੇ. ਪੀ. ਨੂੰ ਬਣਾ ਲਿਆ ਨਾ ਵੱਡਾ ਦੁਸ਼ਮਣ ਕਮਿਊਨਲ ਕਰਕੇ। ਇਹ ਕਹਿੰਦੇ ਨੇ ਬੀ. ਜੇ. ਪੀ. ਕਾਹਦਾ ਦੁਸ਼ਮਣ ਏ, ਦੁਸ਼ਮਣ ਤਾਂ ਇਹ ਸਿਸਟਮ ਏ ਜੋ ਫਿਰਕਾਪ੍ਰਸਤੀ ਨੂੰ ਜਨਮ ਪਿਆ ਦਿੰਦਾ। ਇਹਦੇ ਵਿਚ ਬੀ. ਜੇ. ਪੀ. ਉਤੇ ਉਂਗਲ ਰੱਖਣੀ ਈ ਕੀ ਹੈ, ਮੁਸਲਿਮ ਲੀਗ 'ਤੇ ਵੀ ਉਂਗਲ ਰੱਖੀ ਜਾ ਸਕਦੀ ਹੈ, ਤੇ ਅਸਲ ਉਂਗਲ ਕਾਂਗਰ 'ਤੇ ਵੀ ਰੱਖਣੀ ਬਣਦੀ ਏ ਜਿਹਦੇ ਇਸ ਬਾਰੇ ਕਮਿਊਨਲਿਜ਼ਮ (ਫਿਰਕਾਪ੍ਰਸਤੀ) ਨੂੰ ਜਨਮ ਦਿੱਤਾ। ਉਸਨੇ ਸਾਰੇ ਹਿੰਦੁਸਤਾਨ ਵਿਚ, ਸਮੇਤ ਪੰਜਾਬ ਵਿਚ, ਇਹ ਐਵੀਂ ਤਾਂ ਨਹੀਂ ਗਿਆਨੀ ਜ਼ੈਲ ਸਿੰਘ, ਭਿੰਡਰਾਂਵਾਲੇ ਦੇ ਦੋਸਤ ਵੋਸਤ ਬਣੇ ਹੋਏ ਸਨ। ਇਹ ਸਾਰੀ...

? ਬੀ. ਜੇ. ਪੀ. ਤਾਂ ਖੁੱਲ੍ਹੇ ਆਮ ਕਹਿੰਦੇ ਏ ਨਾ, ਉਹ ਖੁੱਲ੍ਹੇ-ਆਮ ਕਹਿੰਦੀ ਤੇ ਕਰਦੀ ਆ ਕਿ ਅਸੀਂ ਹਿੰਦੂ ਰਾਸ਼ਟਰ ਵਗੈਰਾ ਬਣਾਉਣਾ ਤੇ ਇਹ ਜਿਹਨੇ ਖਾਲਿਸਤਾਨੀ ਸੀਗੇ ਉਹ ਵੀ ਸਿੱਧੇ-ਸਿੱਧੇ ਕਹਿੰਦੇ ਸੀ ਕਿ ਅਸੀਂ ਥਿਊਕਰੇਟਿਕ ਸਟੇਟ ਮਤਲਬ ਧਰਮ ਮੰਤਰੀ ਸਟੇਟ ਖਾਲਿਸਤਾਨ ਬਣਾਉਣ ਏ। ਇਹ ਜਿਹੜੇ ਕਾਂਗਰਸੀ ਆ ਜਾਂ ਅਕਾਲੀ ਆ ਇਹ ਸਾਰੇ ਕੁਝ ਨੂੰ ਇਸਤੇਮਾਲ ਕਰਦੇ ਆ ਨਾ ?

• ਤੁਸੀਂ ਇੰਜ ਦੇਖੋ ! ਬਈ ਜਿਹੜਾ ਕਾਂਗਰਸ ਜਾਂ ਅਕਾਲੀਆਂ ਦਾ ਜਮਾਤੀ ਆਧਾਰ ਆ ਉਹਦੇ ਵਿਚ ਕੋਈ ਬਹੁਤਾ ਫਰਕ ਨਹੀਂ ਏ।

? ਹਾਂ ਜੀ, ਹਾਂ ਜੀ !

• ਕਾਂਗਰਸ ਵਾਲੇ ਜਿਹੜੇ ਸਨ, ਕਿਉਂਕਿ ਆਲ ਇੰਡੀਆਂ ਪੋਲੇਟਿਕਸ (ਅਖਿਲ ਭਰਾਤੀ ਰਾਜਨੀਤੀ) ਨਾਲ ਹਨ ਤੇ ਇਨਾਂ ਦੀ ਰੀਜ਼ਨਲ ਪੋਲੇਟਿਕਸ (ਖੇਤਰ ਰਾਜਨੀਤੀ) ਏ। ਨਹੀਂ ਤਾਂ ਇਨਾਂ ਦੀਆਂ ਜਿਹੜੀਆਂ ਸਾਰੀਆਂ ਨੀਤੀਆਂ ਨੇ, ਸਾਰਾ ਕੁਝ ਏ, ਉਹ ਦਾ ਆਧਾਰ ਉਥੋਂ ਈ ਚਲਦਾ। ਨਿੱਕੀ ਜਿਹੀ ਗਲ ਏ ਇਨਾਂ ਨੂੰ ਇਹ ਤਾਂ ਝੱਟ ਸੁਝ ਗਿਆ ਕਿ ਟਿਊਬਵੈਲ ਦੀ ਬਿਜਲੀ ਮੁਆਫ਼ ਕਰ ਦੇਣੀ ਏ। ਇਨਾਂ ਨੂੰ ਇਹ ਕਿਉਂ ਨਾ ਸੁੱਝੀ ਕਿ ਜਿਹੜੇ ਲੋਕ ਵਿਹੜਿਆਂ ਦੇ ਵਿਚ ਰਹਿੰਦੇ ਨੇ ਉਨ੍ਹਾਂ ਨੂੰ ਵੀ ਚੰਗੀ ਬਿਜਲੀ ਦੇ ਸਕਣੇ ਆਂ। ਉਨ੍ਹਾਂ ਦੀ ਵੀ ਬਿਜਲੀ ਮੁਆਫ਼ ਕਰ ਦੇਈਏ। ਜਿਹੜੇ ਇਕ ਲਾਟੂ ਲਾਉਂਦੇ ਨੇ। ਇਨਾਂ ਨੂੰ ਸੁੱਝੀ ਏ ਤਾਂ ਕਿਸਾਨਾਂ ਦੇ ਨਾਂ 'ਤੇ। ਇਥੇ ਫਿਰ ਉਹੀ ਸਵਾਲ ਆਉਂਦਾ ਕਿਹੜੀ ਕਿਸਾਨੀ ? ਟਿਊਬਵੈਲ ਦਾ...ਅੰਕੜਾ ਤਾਂ ਹੁਣ ਕੋਈ ਨਹੀਂ ਨਾ ਛੁਪਾ ਸਕਦਾ...ਬਾਦਲ ਫੈਮਿਲੀ ਨੂੰ ਟਿਊਬਵੈਲਾਂ ਦੀ ਬਿਜਲੀ ਦਾ ਚੋਰਾਸੀ ਰੁਪਏ ਫਾਇਦਾ ਹੋਇਆ। ਚੋਰਾਸੀ ਹਜ਼ਾਰ। ਜਲੰਧਰ ਦੇ ਜ਼ਿਲ੍ਹੇ ਵਿਚ ਕੋਈ ਸੰਘਾ ਫਾਰਮ ਏ ਜਾਂ ਕੀ ਹੈ...ਉਦਾ ਕੋਈ ਦੋ ਢਾਈ ਲੱਖ ਆਉਂਦਾ ਸੀ ਬਿਜਲੀ ਦਾ...ਉਹਦੇ ਕੋਈ ਬਤਾਲੀ ਤਰਤਾਲੀ ਟਿਊਬਵੈਲ ਨੇ ਜਲੰਧਰ ਜ਼ਿਲ੍ਹੇ ਵਿਚ ਤੇ ਉਹਨੂੰ ਕੋਈ ਦੋ ਲੱਖ ਤੋਂ ਉਪਰ ਫਾਇਦਾ ਹੋਇਆ ਮਹੀਨੇ ਦਾ। ਇਹ ਸਾਰੀਆਂ ਗੱਲਾਂ ਸਮਝਾਉਣੀਆਂ ਬਣਦੀਆਂ ਨੇ। ਮੇਰਾ ਖਿਆਲ ਏ ਪੰਜਾਬ ਦੇ ਲੋਕ ਹੁਣ ਇਹ ਸਮਝਣਗੇ ਜੇ ਅਸੀਂ ਇਹ ਤਰੀਕੇ ਦੇ ਨਾਲ, ਪੋਲੇਟਿਕਸ ਚਲਾਈਏ।

? ਭਾ ਜੀ, ਇਥੇ ਇਕ ਸਵਾਲ ਏ।

• ਹਾਂ ਜੀ।

? ਮੇਰਾ ਸਵਾਲ ਇਹ ਭਾਅ ਜੀ, ਇਹ ਜਿਹੜੇ ਸਾਡੇ ਵਿਰੋਧੀ ਨੇ ਇਹ ਕਹਿੰਦੇ ਨੇ ਹੁਣ ਕਿਤੇ ਇਨਕਲਾਬ ਹੋ ਨਹੀਂ ਸਕਦੇ ? ਹੁਣ ਪੂੰਜੀਵਾਦ ਹੀ ਰਹਿਣਾ, ਹੁਣ ਕਿਤੇ ਸਮਾਜਵਾਦ ਆ ਈ ਨਹੀਂ ਸਕਦਾ ? ਤੇ ਇਹ ਇਥੋਂ ਤਕ ਵੀ ਕਹਿੰਦੇ ਆ ਕਿ ਮਾਰਕਸਵਾਦ-ਲੈਨਿਨਵਾਦ-ਮਾਓ ਤੇ ਤੁੰਗ ਵਿਚਾਰਧਾਰਾ ਇਹ ਪੂਰਾ ਇਜਮ (ਵਾਦ) ਹੀ ਫੇਲ੍ਹ ਹੋ ਗਿਆ। ਇਹਦੇ ਬਾਰੇ ਤੁਸੀਂ ਕੀ ਕਹਿਣਾ ਚਾਹੁੰਦੇ ਓ ?

• ਇਹਦੇ ਬਾਰੇ ਇਹ ਏ ਕਿ ਜੇ ਉਹ ਵਿਚਾਰਧਾਰਾ ਫੇਲ੍ਹ ਹੋ ਗਈ ਏ, ਕਹਿੰਦੇ ਨੇ ਇਹ, ਤੇ ਕਾਮਯਾਬ ਕਿਹੜੀ ਵਿਚਾਰਧਾਰਾ ਹੋਈ ਆ ? ਸਮੱਸਿਆ ਤਾਂ...ਜਦੋਂ ਤੋਂ ਕਮਿਊਨਿਸਟ ਵਿਚਾਰਧਾਰਾ ਨੇ ਜਨਮ ਲਿਆ ਜਾਂ ਹਿੰਦੁਸਤਾਨ ਦੇ ਵਿਚ ਇਹ ਕਹਿ ਰਹੀ ਹੈ ਕਿ 91 ਕਰੋੜ ਦੀ ਅਬਾਦੀ ਦੇ ਵਿਚੋਂ 72 ਕਰੋੜ ਜਿਹੜੀ ਏ ਅਬਾਦੀ ਉਹ ਭੁੱਖਮਰੀ ਦੇ ਨੇੜੇ ਤੇੜੇ ਜਾਂ ਉਸ ਤੋਂ ਥੱਲੇ ਪਈ ਜਿਉਂਦੀ ਆ ਤਾਂ ਕਿਹੜਾ ਹੋਰ ਰਾਹ ਏ ਜਿਹੜਾ 72 ਕਰੋੜ ਨੂੰ ਕੁਝ ਦੇ ਸਕਦਾ ? ਔਰ ਰਾਹ ਹੈਗਾ ਜਿਹੜਾ-ਸਮਾਜਵਾਦੀ ਪ੍ਰਬੰਧ ਏ ਉਹਦੇ ਨਾਲ ਹੀ ਇਨ੍ਹਾਂ ਨੂੰ, ਜਿਹਨੂੰ ਕਹਿਦੇ ਨੇ ਰਾਹਤ, ਮਿਲਣੀ ਆ। ਹੁਣ ਇਹ ਕਹਿ ਦੇਣਾ ਕਿ ਰੂਸ ਦੇ ਵਿਚ ਹੋਇਆ, ਜੇ ਰੂਸ ਦੀ

ਹਿਸਟਰੀ ਪੜ੍ਹੀਏ ਤਾਂ ਬਹੁਤ ਕੁਝ ਏ ਜੋ ਉਥੇ ਸ਼ੁਰੂ ਦੇ ਵਿਚ ਹੋਇਆ। ਰੂਸ ਦੇ ਵਿਚ ਜੋ ਇਨਕਲਾਬ ਤੋਂ ਬਾਅਦ ਲੋਕਾਂ ਨੂੰ ਦਿੱਤਾ ਉਹਨੂੰ ਕੀ ਕੋਈ ਨਿਗੇਟ (ਰੱਦ) ਕਰ ਸਕਦਾ, ਉਹਨੂੰ ਕੋਈ ਭੁਲਾ ਸਕਦਾ। ਜਿਹੜੀ ਇੰਨੀ ਥੱਲੇ ਲੱਗੀ ਸੋਸਾਇਟੀ, ਦੁਨੀਆ ਦੀ ਤਾਕਤ ਬਣੀ, ਉਹ ਕੋਈ ਇਹਨੂੰ ਇਨਕਾਰ ਕਰ ਸਕਦਾ ਹਿਸਟਰੀ ਤੋਂ। ਹੁਣ ਉਥੇ ਜੋ ਪੂੰਜੀਵਾਦ ਆਇਆ ਉਹ ਇਕ ਦੌਰ ਆਇਆ। ਹਿਸਟਰੀਆਂ ਦੇ ਲੰਬੇ ਪੜਾਅ ਨੇ, ਹੁਣ ਹਿੰਦੁਸਤਾਨ ਵਿਚ ਜਿਹਨੂੰ ਕਹਿੰਨੇ ਆਂ ਜੇ ਬਹਤਰ ਕਰੋੜ ਲੋਕਾਂ ਨੇ ਕੋਈ ਹੱਕ ਲੈਣੇ ਨੇ ਤਾਂ ਇਥੇ ਇਨਕਲਾਬ ਹੋਣਾ ਈ ਹੋਣਾ। ਹੁਣ ਇਨਕਲਾਬੀ ਤਬਦੀਲੀਆਂ ਕਿੰਜ ਹੋਣੀਆਂ ਨੇ ਇਹਦੇ ਵਿਚ ਕਮਿਊਨਿਸਟ ਵਿਚਾਰਧਾਰਾ ਤੇ ਕਮਿਊਨਿਸਟ ਇਨਕਲਾਬੀ ਵਿਚਾਰਧਾਰਾ ਵਿਚ ਇਕ ਲੀਕ ਆਉਂਦੀ ਆ। ਜਿਹੜੀ ਸਥਾਪਿਤ ਕਮਿਊਨਿਸਟ ਪਾਰਟੀਆਂ ਨੇ ਉਹ ਮਹਿਸੂਸ ਕਰਦੀਆਂ ਨੇ ਕਿ ਅਗਰ ਅਸੀਂ ਲੋਕਾਂ ਨੂੰ ਇਥੋਂ ਤਕ ਜਾਗ੍ਰਿਤ ਕਰ ਸਕੀਏ, ਜਾਂ ਅੰਦੋਲਨ ਚਲਾ ਕੇ, ਤਾਂ ਉਹ ਵੋਟ ਨਾਲ ਨਜ਼ਾਮ ਬਦਲ ਸਕਦੇ ਨੇ। ਉਹ ਯਾਨਿ...

? ਇਹ ਉਨ੍ਹਾਂ ਦੀ ਸਮਝ ਆ।

• ਇਹ ਉਨ੍ਹਾਂ ਦੀ ਸਮਝ ਆ, ਵੋਟ ਪੋਲੇਟਿਕਸ (ਰਾਜਨੀਤੀ) ਜਿਹਨੂੰ ਕਹਿੰਦੇ ਨੇ। ਜਦੋਂ ਕਿ ਕਮਿਊਨਿਸਟ ਇਨਕਲਾਬੀਆਂ ਦੀ ਵਿਚਾਰਧਾਰਾ ਏ, ਕਿ ਵੋਟ ਪੋਲੇਟਿਕਸ ਨਾਲ ਕੁਝ ਨਹੀਂ ਹੋਣਾ।

? ਹਾਂ ਜੀ।

• ਰੂਲਿੰਗ ਕਲਾਸਜ਼, ਕਮਿਊਨਿਸਟ ਇਨਕਲਾਬੀਆਂ ਦੀ ਵਿਚਾਰਧਾਰਾ ਏ ਕਿ ਐਵੇਂ ਆਪਣੀ ਤਾਕਤ ਨਹੀਂ ਛੱਡਣਗੀਆਂ। ਹੁਣ ਇਨਾਂ ਦੋਨਾਂ ਸੋਚਾਂ ਦੇ ਵਿਚਕਾਰ ਇਕ ਲਕੀਰ ਵੀ ਏ, ਮੇਰਾ ਆਪਣਾ ਪਰਸਨਲ ਵਿਚਾਰ ਇਹ ਹੈ ਕਿ ਇਸ ਸਾਂਝ ਨੂੰ ਮੰਨਣਾ ਚਾਹੀਦਾ। ਸਾਂਝ ਇਹ ਹੈ ਕਿ ਇਹ ਦੋਨੋਂ ਇਹ ਨਜ਼ਾਮ ਜਿਹੜਾ ਗਰੀਬ ਵਰਗ ਏ, ਉਹਦੀ ਨਿਜ਼ਾਤ ਵਿਚ ਯਕੀਨ ਰੱਖਦੇ ਨੇ। ਮੇਰਾ ਕਮਿਊਨਿਸਟ ਇਨਕਲਾਬੀਆਂ ਦੇ ਨਾਲ ਜੇ ਮੇਰਾ ਡਿਫਰੈਂਸ (ਫਰਕ) ਆਂਦਾ ਤਾਂ ਇਸ ਗੱਲ 'ਤੇ ਆਂਦਾ ਜਦੋਂ ਇਹ ਸੀ. ਪੀ. ਆਈ., ਸੀ. ਪੀ. ਐਮ. ਨੂੰ ਦੁਸ਼ਮਣ ਕਰਾਰ ਦੇ ਕੇ ਰੂਲਿੰਗ ਕਲਾਸਜ਼-ਕਾਂਗਰੀਆਂ, ਅਕਾਲੀਆਂ, ਬੀ. ਜੇ. ਪੀ. ਨਾਲ ਇਕੋ ਜਿਹੀ ਲਕੀਰ ਖਿਚਦੇ ਨੇ। ਮੈਂ ਕਹਿਣਾ ਨਹੀਂ। ਜੇ ਉਹ ਤੀਹ ਕਦਮ ਚਲਦੇ ਪਏ ਨੇ, ਅਸਲ ਤਬਦੀਲੀ ਆਉਣੀ ਏ ਜਦੋਂ ਅੱਸੀਂ ਕਦਮ ਚੱਲਣੇ ਨੇ ਤਾਂ ਇਹ ਮੱਤ ਕਹੀਏ ਕਿ ਜਿਹੜੇ ਤੀਹ ਵੀ ਚਲਦੇ ਪਏ ਨੇ ਉਹ ਸਾਡੇ ਦੁਸ਼ਮਣ ਨੇ।

ਮੈਨੂੰ ਅਫ਼ਸੋਸ ਹੈ ਕਿ (ਗੁੱਸੇ ਵਿਚ ਆ ਕੇ) ਤਰਸੇਮ ਯੋਧਾ ਦੀ ਇਲੈਕਸ਼ਨ ਵਿਚ ਇਹ ਵੜੇ ਨਹੀਂ। ਦੇਖਣ ਤਕ ਨਹੀਂ ਗਏ। ਇਹ ਉਨ੍ਹਾਂ ਨੂੰ ਵੋਟ ਵਟੋਰੂ ਕਹਿੰਦੇ ਨੇ। ਇਹ ਵੋਟ ਵਟੋਰੂ ਸ਼ਬਦ ਕਮਿਊਨਿਸਟ ਇਨਕਲਾਬੀਆਂ ਨੂੰ ਆਪਣੀ ਸ਼ਬਦਾਵਲੀ ਵਿਚੋਂ ਕੱਢਣਾ ਪਵੇਗਾ। ਵੋਟ ਵੋਟਰੂ, ਵਟੋਰੂ ਕੀ ਮਤਲਬ ਏ ? ਕੋਈ ਠੱਗ ਨੇ ?

ਤਰਸੇਮ ਯੋਧਾ ਚੋਰ ਸੀ ? ਠੱਗ ਸੀ ? ਵੋਟਰ ਰਿਹਾ ਸੀ ? ਕੋਈ ਜ਼ਬਰਦਸਤੀ ਕਰ ਰਿਹਾ ਸੀ ? ਪੰਜਾਬ ਦੇ ਵਿਚ ਜੋ ਉੱਥਲ ਪੁੱਥਲ ਹੋ ਰਹੀ ਏ ਕਮਿਊਨਿਸਟ ਇਨਕਲਾਬੀਆਂ ਨੇ ਉਸਨੂੰ ਨੋਟ ਹੀ ਨਹੀਂ ਕੀਤਾ।

? ਦੇਸ਼ ਸੇਵਕ ਦੇ ਵਿਚ ਵੀ ਤੁਹਾਡਾ ਇਸ ਤਰ੍ਹਾਂ ਦਾ ਆਰਟੀਕਲ ਛਪਿਆ ਏ।

• ਹਾਂ ? ਮੈਂ ਘੜੀ ਮੁੜੀ ਪਿਆ ਆਰਟੀਕਲ ਲਿਖਣਾ। ਇਹ ਆਪਣੇ ਸ਼ੈਲੀ ਦੇ ਵਿਚੋਂ, ਆਪਣੇ ਅੰਡੇ ਦੇ ਵਿਚੋਂ ਬਾਹਰ ਨਿਕਲ ਕੇ ਤਾਂ ਦੇਖਣ। ਦੇਖਣ ਤਾਂ ਸਹੀ ਕੀ ਹੁੰਦਾ ਪਿਆ। ਉਹਦੇ ਮੁਤਾਬਕ ਆਪਣੀ ਇਕ ਸਟਰੈਟਰਜੀ (ਰਣਨੀਤੀ) ਬਨਾਣ...

? ਉਥੇ ਤੁਸੀਂ ਨਾਟਕ ਵਗੈਰਾ ਕਰਦੇ ਰਹੋ ? ਮਤਲਬ ਤੁਹਾਡੀ ਉਥੇ ਕੀ ਭੂਮਿਕਾ ਸੀ ?

• ਹਾਂ, ਮੈਂ ਉਥੇ ਨਾਟਕ ਕਰਦਾ ਸਾਂ। ਕਰਤਾਰ ਸਿੰਘ ਸਰਾਭਾ ਦਾ ਨਾਟਕ ਕਰਦਾ ਸਾਂ। ਉਹਦੇ ਵਿਚ ਮੈਂ ਗੁਰੂ ਨਾਨਕ ਦੇਵ ਜੀ ਦਾ ਨਾਟਕ ਕਰਦਾ ਸਾਂ।

? ਜਿਨ ਸੱਚ ਪੱਲੇ ਹੋਏ

• ਮੈਂ ਪੂਰੀ ਤਰ੍ਹਾਂ ਵਰਗ ਚੇਤਨਾ ਤੇ ਲੈਕਚਰ ਦਿੰਦਾ ਸਾਂ, ਨਾਟਕ ਦੀ ਇੰਟਰੋਡਕਸ਼ਨ (ਭੂਮਿਕਾ) ਵਿਚ...।

? ਅੱਛਾ !ਅੱਛਾ ! ਤੁਸੀਂ ਥੋੜ੍ਹਾ ਰਿਲੈਕਸ ਕਰੋ। ਚਲੋ ਇਲੈਕਸ਼ਨ ਦੀ ਹੀ ਥੋੜੀ ਗੱਲ ਲਈਏ। ਇਹਦੇ ਬਾਰੇ ਤੁਹਾਡਾ ਜਿਥੇ ਵੀ ਮੈਂ ਪੜ੍ਹਿਆ ਉਹਦੇ ਵਿਚੋਂ ਵੀ ਇਹ ਝਲਕ ਮਿਲਦੀ ਏ ਮਤਲਬ-ਗਰੀਬ ਲੋਕ ਯੋਧਾ ਵੱਲ ਗਏ ਤੇ ਦੂਸਰੇ ਜਿਹੜੇ ਅਮੀਰ ਵਗੈਰਾ, ਸਿੱਖ ਧਰਮ ਦੇ ਨਾਂ 'ਤੇ ਅਕਾਲੀਆਂ ਵੱਲ ਹੋ ਗਏ।

• ਨਹੀਂ ਸਿੱਖ ਧਰਮ ਦੇ ਨਾਂ 'ਤੇ ਨਹੀਂ। ਕਿ ਚੂੜੇ ਚਮਾਰ ਉੱਠਦੇ ਪਏ ਨੇ।

? ਅੱਛਾ !

• ਇੰਜ ਕਹਿੰਦੇ ਪਏ ਸਨ। ਉਨ੍ਹਾਂ ਮੈਨੂੰ ਕਿਹਾ ਕਿ ਸਰਦਾਰ ਗੁਰਸ਼ਰਨ ਸਿੰਘ ਤੁਸੀਂ ਕਿਧਰੇ ਚੂੜ ਚਮਾਰਾਂ ਦੇ ਵਿਚ ਰਲ ਗਏ ਓ।

? ਅੱਛਾ ! ਅੱਛਾ ! ਜਾਤੀ ਤਕ।

• ਇਹ ਮੈਨੂੰ ਇਕ ਐਕਸ-ਨਕਸਲਾਈਟਾਂ ਨੇ ਵੀ ਕਿਹਾ।

? ਅੱਛਾ ! ਅੱਛਾ ! ਹੂੰ ਹੂੰ !

• ਮਤਲਬ ਕਹਿਣ ਦਾ ਇਹ ਹੈ ਕਿ ਜੇ ਕੋਈ ਕਹੇ ਕਿ ਅਕਾਲੀਆ ਨੇ ਸਿੱਖ ਧਰਮ ਦੇ ਨਾਂ 'ਤੇ ਵੋਟ ਲਏ ਇਹ ਗਲਤ ਏ। ਉਹ ਇੰਜ ਉਂਗਲ ਕਰਦੇ ਸਨ, ਚੂੜੇ ਚਮਾਰੀਆਂ। ਚਮਾਰੀਆਂ ਸ਼ਬਦ ਇਸਤੇਮਾਲ ਕਰਦੇ ਸਨ।

? ਅੱਛਾ, ਭਾਅ ਜੀ ਇਕ ਗੱਲ ਹੋਰ ਹੈ, ਇਥੇ ਸੀਗਾ ਇਕ ਤੁਹਾਡੇ ਹਿਸਾਬ ਦੇ ਨਾਲ ਅਮੀਰ ਗਰੀਬ ਦੇ ਵਿਚ ਪੋਲਰਾਟੀਜੇਸ਼ਨ (ਕਤਾਰਬੰਦੀ) ਹੋਈ, ਇਕ ਤੁਸੀਂ ਪੰਜਾਬ ਦੇ ਪੋਲੀਟੀਕਲ ਸੀਨ 'ਤੇ ਦੇਖੋ-ਅਕਾਲੀ ਇਕ ਪਾਸੇ ਸੀ ਤੇ ਬੀ. ਜੇ. ਪੀ. ਉਨ੍ਹਾਂ ਦੇ ਨਾਲ ਸੀ ਇਨਾਂ ਦਾ ਗਠਜੋੜ ਸੀ। ਦੂਸਰੇ ਪਾਸੇ ਕਾਂਗਰਸ, ਸੀ. ਪੀ. ਐਮ. ਦੀ ਸਪੋਰਟ 'ਤੇ ਸੀ ਤੇ ਸਿਮਰਨਜੀਤ ਸਿੰਘ ਮਾਨ ਵੀ। ਉਹਦਾ ਕੋਈ ਐਕਚੂਅਲ

(ਹਕੀਕੀ) ਫਾਇਦਾ ਹੋਇਆ ਸੀ. ਪੀ. ਐਮ. ਨੂੰ।

- ਨਾਂਹ (ਬਿਲਕੁਲ) ਕੋਈ ਫਾਇਦਾ ਨਹੀਂ ਹੋਇਆ। ਮੇਰੀ ਸੀ. ਪੀ. ਐਮ. ਦੇ ਨਾਲ ਵੱਡੀ ਲੜਾਈ ਵੀ ਇਸੇ ਗੱਲ 'ਤੇ ਸੀ। ਮੈਨੂੰ ਕਿਸੇ ਨੇ ਕਿਹਾ, ਸੀ. ਪੀ. ਐਮ. ਦੇ ਇਕ ਬੰਦੇ ਨੇ ਕਿਹਾ ਕਿ ਅਸੀਂ ਤਾਂ ਨਹੀਂ ਸੀ ਕਾਂਗਰਸ ਵਾਲਿਆਂ ਨੂੰ ਬੁਲਾਇਆ। ਮੈਂ ਕਿਹਾ ਕਿ ਫਿਰ ਆਹ ਹਰਕਿਸ਼ਨ ਸਿੰਘ ਸੁਰਜੀਤ, ਮੈਂ ਤਸਵੀਰ ਉਨ੍ਹਾਂ ਨੂੰ ਸ਼ਨੀਵਾਰ ਦੀ ਦਿਖਾ ਦਿੱਤੀ।

  ਅਠਾਈ ਤਰੀਕ ਦੀ। ਮੈਂ ਕਿਹਾ, ਇਹ ਹਰਕਿਸ਼ਨ ਸਿੰਘ ਸੁਰਜੀਤ, ਬੀਬੀ ਭੱਠਲ ਤੇ ਰਾਮੂਵਾਲੀਆ ਪਿਛੇ ਇੰਜ ਹੱਸਦੇ ਪਏ ਨੇ ਤੇ ਤੁਸੀਂ ਕਹੋ ਅਸੀਂ ਕਾਂਗਰਸ ਦੇ ਨਾਲ ਨਹੀਂ ਹਾਂ। ਇਹ ਲੋਕ ਸਭ ਸਮਝਦੇ ਨੇ। ਮੇਰਾ ਸੀ. ਪੀ. ਐਮ. ਨਾਲ ਬੜਾ ਵੱਡਾ ਕਰੀਟੀਸਿਜ਼ਮ (ਆਲੋਚਨਾ) ਸੀ। ਚਾਹੇ ਮੈਂ ਉਨ੍ਹਾਂ ਲਈ ਕੰਮ ਕਰ ਰਿਹਾ ਸਾਂ, ਚਾਹੇ ਮੈਂ ਤਰਸੇਮ ਯੋਧਾ ਦੇ ਲਈ ਕੰਮ ਕਰ ਰਿਹਾ ਸਾਂ। ਮੈਂ ਐਲਾਨੀਆਂ ਕਰਕੇ ਕਹਿੰਦਾ ਪਿਆ ਸਾਂ ਕਿ ਇਹ ਜਿਹੜੇ ਤੁਸੀਂ ਰਾਮੂਵਾਲੀਆ ਦੇ ਚੁਟਕਲੇ ਪਏ ਸੁਣਦੇ ਓ ਕਿ ਉਹ ਸੂਰਮਾ ਬੜਾ ਪਾਉਂਦਾ ਏ, ਇਹ ਸਭ ਗਲਤ ਨੇ, ਇਹ ਕੋਈ ਪੋਲੇਟਿਕਸ ਨਹੀਂ ਏ। ਇਹ ਜਿਹੜਾ ਜਗਮੀਤ ਬਰਾੜ ਵੀ ਫਿਰਦਾ ਏ ਜਾਂ ਕੁਝ ਏ ਇਨਾਂ ਨੇ ਤੁਹਾਡੀ ਕੀ ਵੋਟ ਲੈਣੀ ਆ। ਇਨਾਂ ਨੇ, ਮੈਂ ਕਹਿੰਨਾ, ਇਕ ਵੋਟ ਨਹੀਂ, ਲੈ ਕੇ ਦਿੱਤੀ। ਸਿਮਰਨਜੀਤ ਮਾਨ ਲੜਿਆ ਸੀ ਨਾ ਪਹਿਲਾਂ ਇਥੋਂ ਬੀ. ਐਸ. ਪੀ. ਦੀ ਮਦਦ ਨਾਲ, ਸੋਲ੍ਹਾਂ ਹਜ਼ਾਰ ਵੋਟ ਪਈ ਸੀ ਨਾ। ਉਹਦੇ ਵਿਚੋਂ ਜ਼ਰੂਰ ਚਾਰ, ਪੰਜ, ਛੇ ਹਜ਼ਾਰ ਵੋਟ ਬਹੁਜਨ ਸਮਾਜ ਪਾਰਟੀ ਕਰਕੇ ਪਈ ਹੋਣੀ ਆ। ਉਦੋਂ ਇਹ ਸਿਮਰਨਜੀਤ ਮਾਨ ਤੇ ਕਾਂਸ਼ੀ ਰਾਮ ਵਿਚ ਸਮਝੌਤਾ ਸੀ ਨਾ...

? ਆਹੋ !

- ਜਿਹੜੀ ਸਿਮਰਨਜੀਤ ਮਾਨ ਨੂੰ ਸੋਲ੍ਹਾਂ ਹਜ਼ਾਰ ਵੋਟ ਪਈ ਉਹਦੇ ਵਿਚੋਂ ਬਹੁਜਨ ਸਮਾਜ ਪਾਰਟੀ ਦੇ ਪੰਜ ਛੇ ਹਜ਼ਾਰ ਵੋਟ ਹੈ ਸੀ। ਇਹ ਲੋਅਰ (ਥੱਲੇ ਵਾਲੇ) ਤਬਕੇ ਦੀ ਸੀ ਜਿਹੜੀ ਬਹੁਜਨ ਸਮਾਜ ਪਾਰਟੀ ਵਾਲਿਆਂ ਪੁਆਈ ਹੋਣੀ ਆ। ਵੋਟ ਜਿਹੜੀ ਆ, ਜਿਹੜੀ ਯੋਧਾਂ ਦੀ ਵੋਟ ਸਤਾਈ ਹਜ਼ਾਰ ਤੋਂ ਸੈਂਤੀ ਹਜ਼ਾਰ ਤਕ ਗਈ ਆ, ਉਹਦੇ ਵਿਚੋਂ ਚਾਰ ਪੰਜ ਹਜ਼ਾਰ ਵੋਟ ਫਿਰ ਓਹੀ ਆ। ਸਿਮਰਨਜੀਤ ਸਿੰਘ ਮਾਨ ਦੇ ਇਕ ਵੀ ਚੇਲੇ ਨੇ, ਇਕ ਸਰਦਾਰ ਨੇ ਵੀ ਵੋਟ ਨਹੀਂ ਪਾਈ। ਉਨ੍ਹਾਂ ਨੇ ਜਾਂ ਤਾਂ ਬਾਦਲ ਨੂੰ ਪਾਈ ਹੋਊ ਜਾਂ ਚੁੱਪ ਰਹੇ ਹੋਣਗੇ। ਕਿਉਂਕਿ ਉਹ ਆਪਣੀਆਂ ਸਰਦਾਰੀਆਂ ਸਮਝਦੇ ਸਨ।

? ਚਲੋ, ਭਾਅ ਜੀ, ਥੋੜ੍ਹਾ ਜਿਹਾ ਹੋਰ, ਚਲੋ ਥੋੜ੍ਹੀ ਜਿਹੀ ਗੱਲ ਹੋਰ ਆਪਾਂ ਬੇਸਿਕ ਮੁੱਦੇ 'ਤੇ ਕਰਨੀ ਆ। ਮਤਲਬ ਚਲੋ ਇਹ ਆਈਡਾਈਲੌਜੀਕਲ ਡਿਫਰੈਂਸ (ਵਿਚਾਰਧਾਰਕ ਮਤਭੇਦ) ਪਹਿਲਾਂ ਦੋ ਤਰ੍ਹਾਂ ਦੀ ਵਿਚਾਰਧਾਰਾ ਦਾ ਰਿਹਾ। ਇਕ ਉਹ ਜਿਹੜੇ ਲੋਕ ਸਰਕਾਰ ਦੇ ਨਾਲ ਮਿਲ ਕੇ ਚਲਦੇ ਰਹੇ ਤੇ ਵਿਰੋਧ ਵੀ ਕਰਦੇ

ਰਹੇ। ਇਕ ਉਹ ਕਮਿਊਨਿਸਟ ਜਿਹੜੇ ਇਕਦਮ ਵਿਰੁਧ ਰਹੇ। ਇਲੈਕਸ਼ਨ ਨੂੰ ਲੈ ਕੇ ਵੀ ਇਥੇ ਇੰਡੀਆ ਵਿਚ ਦੋ ਤਰ੍ਹਾਂ ਦੀ ਲਾਈਨ ਰਹੀ ਆ। ਨਕਸਲਾਈਟ ਵੀ ਜਦੋਂ ਇਲੈਕਸ਼ਨ ਵਲ ਨੂੰ ਮੁੜੇ ਆ, ਉਨ੍ਹਾਂ ਵਿਚ ਵੀ ਦੋ ਤਰ੍ਹਾਂ ਦੀ ਲਾਈਨ ਰਹੀ ਆ, ਹੈਗੀ ਵੀ ਆ।

ਜਿਵੇਂ ਹੁਣ ਪੀਪਲਜ਼ ਵਾਰ ਆ, ਪਾਰਟੀ ਯੂਨਿਟੀ ਆ, ਇਹ ਇਲੈਕਸ਼ਨ ਨਹੀਂ ਲੜਦੇ। ਇਥੇ ਪੰਜਾਬ ਵਿਚ ਵੀ ਅਮੋਲਕ ਹੋਰੀਂ (ਪਤਾ ਨਹੀਂ ਉਨ੍ਹਾਂ ਦੇ ਗਰੁੱਪ ਦਾ ਕੀ ਨਾਂ ਏ), ਉਹ ਵੀ ਨਹੀਂ ਲੜਦੇ। ਉਨ੍ਹਾਂ ਸਾਰਿਆਂ ਵਿਚ ਆਪਸੀ ਮਤਭੇਦ ਵੀ ਆ। ਚਲੋ ਆਪਾਂ ਇਲੈਕਸ਼ਨ ਪੋਲੇਟਿਕਸ ਨੂੰ ਛੱਡ ਕੇ ਥੋੜ੍ਹੀ ਹੋਰ ਬੇਸਿਕ ਗੱਲ ਕਰਦੇ ਆਂ। ਤਬਦੀਲੀ ਲਈ ਜਿਹੜੀ ਆਪਾਂ ਇਨਕਲਾਬ ਦੀ ਗੱਲ ਕਰਦੇ ਆਂ, ਇਨਕਲਾਬ ਤਾਂ ਬਿਨਾ ਸਿਧਾਂਤ ਦੇ ਆਉਣਾ ਨਹੀਂ। ਸਿਧਾਂਤ ਤਾਂ ਨਹੀਂ ਝੁਠਲਾਇਆ ਗਿਆ ਨਾ। ਇਹ ਜਿਹੜਾ ਸਾਮਰਾਜ ਦਾ ਭੰਡੀ ਪ੍ਰਚਾਰ ਏ (ਦੁਨੀਆ ਭਰ ਵਿਚ) ਮੈਂ ਇਹ ਸਵਾਲ ਉਠਾਉਣਾ ਚਾਹੁੰਦਾ-ਇਹ ਭੰਡੀ ਪ੍ਰਚਾਰ ਦੀ ਸੈਨਸ ਕੀ ਆ, ਇਹਦਾ ਠੋਸ ਆਧਾਰ ਕੀ ਏ ? ਕੀ ਇਹ ਖਾਲੀ ਝੂਠਾ ਪ੍ਰਚਾਰ ਏ ?

- ਨਹੀਂ, ਖਾਲੀ ਝੂਠਾ ਪ੍ਰਚਾਰ ਨਹੀਂ ਏ, ਬਹੁਤ ਸਾਰੇ ਕਮਿਊਨਿਸਟ ਬੁੱਧੀਜੀਵੀ ਇਹ ਮੰਨਣ ਲੱਗ ਪਏ ਨੇ ਕਿ ਹਥਿਆਰਬੰਦ ਇਨਕਲਾਬ, ਇਕੋ ਇਕ ਰਾਹ ਹੈ। ਹੁਣ ਜਿਹੜੀ ਤਬਦੀਲੀ ਹੋ ਗਈ ਦੁਨੀਆ ਭਰ ਵਿਚ, ਜਿਹਦੇ ਵਿਚ ਡੈਮੋਕਰੇਟਿਕ ਸਿਸਟਮ ਨੇ ਯੂਰਪ ਦੇ ਵਿਚ, ਇਹਦੇ ਵਿਚ ਹਥਿਆਰਬੰਦ ਇਨਕਲਾਬ ਤੋਂ ਬਿਨਾ ਵੋਟਾਂ ਰਾਹੀਂ ਵੀ ਚੇਂਜ ਕਰ ਸਕਦੇ ਓ ਸਿਸਟਮ ਵਿਚ। ਯਾਨਿ ਇਹ ਇਕ ਸੋਚ ਬਣੀ ਏ। ਹੁੰਣ ਇਸ ਸੋਚ ਦੀ ਆਖਰੀ ਮਿਸਾਲ ਕਿਊਬਾ ਦੀ ਹੋਣੀ ਏ। ਉਸਤੋਂ ਬਾਅਦ ਕੋਈ ਕਿਧਰੇ ਵੀ ਹਥਿਆਰਬੰਦ ਇਨਕਲਾਬ ਕਾਮਯਾਬ ਨਹੀਂ ਹੋਇਆ। ਇਹ ਵੀ ਇਤਿਹਾਸ ਹੈ ਨਾ ਚਾਲੀ ਸਾਲ ਦਾ ਕਿ ਵਿਅਤਨਾਮ ਤੇ ਕਿਊਬਾ ਤੋਂ ਬਾਅਦ ਕੋਈ ਕਿਧਰੇ ਵੀ, ਅਗਰ ਕੋਈ ਥੋੜ੍ਹੀ ਬਹੁਤ ਪੀਰੂ ਵਗੈਰਾ ਵਿਚ ਹੈ ਤਾਂ ਉਹ ਸੈਕਸ਼ਨਲ (ਛੁੱਟ ਭੁੱਟ) ਲੜਾਈਆਂ ਹਨ ਜਿਸ ਤਰ੍ਹਾਂ ਆਪਣੇ ਆਂਧਰਾ ਪ੍ਰਦੇਸ਼ ਦੇ ਵਿਚ ਲੜੀਆਂ ਜਾ ਰਹੀਆਂ ਨੇ। ਹੁਣ ਸੋਚ ਤਾਂ ਇਹ ਆ ਰਹੀ ਏ ਬਈ ਹਾਲੇ ਇਹ ਨਹੀਂ ਹੋਇਆ। ਹੁਣ ਮੈਂ ਇਹਦੇ ਵਿਚ, ਸੱਚੀ ਗੱਲ ਏ, ਕੋਈ ਰਾਏ ਨਹੀਂ ਦੇਣਾ ਚਾਹੁੰਦਾ ਕਿਉਂਕਿ ਮੇਰੀ ਇਤਿਹਾਸ ਦੀ ਜਾਂ ਸਿਧਾਂਤ ਦੀ ਇੰਨੀ ਸਟੱਡੀ ਨਹੀਂ ਏ। ਪਰ ਮੈਨੂੰ ਇਹ ਪਤਾ ਹੈ ਕਿ ਉਮਰਾਂ ਦੇ ਜਿੰਨੇ-ਜਿੰਨੇ ਪੜਾਅ ਹੁੰਦੇ ਨੇ, ਬੰਦੇ ਆਪਣੀਆਂ-ਆਪਣੀਆਂ ਕੋਸ਼ਿਸ਼ਾਂ ਕਰਦੇ ਪਏ ਨੇ, ਕਰਾਂਗੇ ਜਦੋਂ ਤਕ ਜੀਆਂਗੇ।

ਇਹ ਕਹਿ ਦਈਏ ਬਈ ਸਟੇਟ ਬੜੀ ਪਾਵਰਫੁੱਲ (ਸ਼ਕਤੀਸ਼ਾਲੀ) ਹੈ, ਤਾਂ ਕਈ ਹਾਲਾਤਾਂ ਵਿਚ ਬੜੀ ਪਾਵਰਫੁੱਲ ਹੈ। ਇਹ ਭੁਲੇਖਾ ਭਿੰਡਰਾਂਵਾਲੇ ਨੂੰ ਪੈ ਗਿਆ ਸੀ ਕਿ ਸਟੇਟ ਕੀ ਆ ਮੇਰੇ ਸਾਹਮਣੇ ? ਮੈਂ ਹਰਿਮੰਦਰ ਸਾਹਿਬ ਬੈਠਾਂ ਆਂ। ਸਟੇਟ ਨੇ ਅੱਧਾ ਦਿਨ ਨਹੀਂ ਲਾਇਆ ਖ਼ਤਮ ਕਰਨ ਵਿਚ। ਸਟੇਟ ਤਾਕਤ ਵੀ ਹੈ। ਪਰ

ਇਹ ਵੀ ਹੈ ਕਿ ਸਟੇਟ ਦੇ ਵਿਚ... ਜਿਸ ਤਰ੍ਹਾਂ ਇਹ ਸਾਬਿਤ ਹੋ ਰਿਹਾ ਆਸਾਮ ਵਗੈਰਾ ਜਾਂ ਦੂਜੀਆਂ ਥਾਵਾਂ 'ਤੇ ਕਿ ਸਟੇਟ ਤਾਕਤਵਾਰ ਹੁੰਦਿਆਂ ਹੋਇਆ ਵੀ...ਦੂਜੀਆਂ ਲਹਿਰਾਂ ਵੀ ਉਠੀਆਂ ਹਨ... ਇਹ ਹੁਣ ਹਥਿਆਰਬੰਦ ਲਹਿਰ ਹੀ ਹੈ ਨਾ ਆਸਾਮ, ਤ੍ਰੀਪੁਰਾ, ਵਗੈਰਾ... ਉਹ ਆਪਣੀ ਲਹਿਰ ਚਲਾ ਕੇ, ਤੇ ਫਿਰ ਉਹ ਮਜ਼ਬੂਰ ਕਰ ਸਕਦੇ ਨੇ ਸਮੇਂ ਦੇ ਹਾਕਮਾਂ ਨੂੰ ਗੋਡੇ ਟੇਕਣ ਵਾਸਤੇ।

? ਮਤਲਬ ਜੇ ਲੋਕ ਵਰਸਜ਼ (ਬਨਾਮ) ਸਟੇਟ ਹੋ ਜਾਏ, ਤਾਂ ਫਿਰ ਜੇ ਇਸ ਤਰ੍ਹਾਂ ਦੇ ਹਾਲਾਤ ਹੋ ਜਾਣ-ਇਕ ਪਾਸੇ ਲੋਕ ਹੋ ਜਾਣ, ਲੋਕਾਂ ਦਾ ਮਤਲਬ ਓਹੀ ਮਿਹਨਤਕਸ਼ ਲੋਕ, ਜਿੰਨੇ ਵੀ ਗਰੀਬ ਲੋਕ ਹਨ, ਮਜ਼ਦੂਰ ਹਨ, ਕਿਸਾਨ ਹਨ ਜਾਂ ਬੁੱਧੀਜੀਵੀ ਵੀ ਨਾਲ ਹੋ ਜਾਣ, ਇਸ ਢੰਗ ਨਾਲ ਸਾਰੇ ਤਰ੍ਹਾਂ ਦੇ ਮਿਹਨਤਕਸ਼ ਜੇ ਇੱਦਾਂ ਦੇ ਕੋਈ ਹਾਲਾਤ ਬਣ ਜਾਂਦੇ ਆ, ਮਿਹਨਤਕਸ਼ ਲੋਕਾਂ ਤੇ ਸਟੇਟ ਦੇ ਵਿਚਕਾਰ, ਫਿਰ ਤਾਂ ਸਟੇਟ ਕਮਜ਼ੋਰ ਆ। ਆਖਿਰ ਸਟੇਟ ਲੋਕਾਂ ਨਾਲੋਂ ਤਾਂ ਮਜ਼ਬੂਤ ਤਾਂ ਨਹੀਂ, ਚਾਹੇ ਕਿੰਨੀ ਵੀ ਹਥਿਆਰਬੰਦ ਹੋਏ।

• ਹਾਂ, ਠੀਕ ਏ।

? ਇਹ ਭਾਅ ਜੀ ਮੈਂ...

• ਹੁਣ ਇਹਦੇ ਵਿਚ ਤੁਸੀਂ ਇਹ ਦੇਖਣਾ ਹੈ, ਜਿਸ ਤਰ੍ਹਾਂ ਪੰਜਾਬ ਏ, ਹੁਣ ਮੈਂ ਬਹੁਤਾ ਬਾਹਰ ਨਹੀਂ ਜਾਂਦਾ, ਪੰਜਾਬ ਨਾਲ ਤਾਂ ਮੈਂ ਸੰਬੰਧਤ ਹਾਂ। ਮੈਂ ਜਦੋਂ ਪੰਜਾਬ ਨਾਲ ਸੰਬੰਧਤ ਦੇਖਦਾਂ, ਨਕਸਲਾਈਟ ਦੀ 1969-70 ਤੋਂ ਲੈ ਕੇ 97 ਆ ਗਿਆ, ਸਤਾਈ, ਅਠਾਈ ਸਾਲ ਹੋ ਗਏ ਨੇ, ਮੈਂ ਦੇਖਣਾਂ ਕਿ ਉਸ ਸਿਧਾਂਤ ਨਾਲ ਕੀ ਪ੍ਰਾਪਤੀ ਹੋਈ ਹੈ ਤੇ ਪ੍ਰਾਪਤੀ ਦੀ ਕੀ ਸੰਭਾਵਨਾ ਹੈ। ਉਹ ਜਦੋਂ ਹਾਲੀ ਦਿਸਦੀ ਨਹੀਂ ਪਈ ਕੁਝ, ਪਰ ਇਹ ਵੀ ਹੈ ਕਿ ਜਿਹੜਾ ਉਲਟ ਸਿਧਾਂਤ ਏ ਉਸਦੀ ਵੀ ਕੋਈ ਪ੍ਰਾਪਤੀ ਨਹੀਂ।

? ਹਾਂ ਜੀ ! ਹਾਂ ਜੀ !

• ਜੇ ਕਹੋ ਨਾ ਕਿ ਉਲਟ ਸਿਧਾਂਤ ਨਾਲ ਲੋਕ ਬੜੇ ਉਨ੍ਹਾਂ ਦੇ ਮਗਰ ਲੱਗ ਗਏ ਨੇ, ਲੋਕ ਕਿਸੇ ਦੇ ਵੀ ਮਗਰ ਨਹੀਂ। ਜੇ ਉਹ ਇਧਰ ਨਹੀਂ, ਤਾਂ ਉਹ ਪੱਕੀ ਤਰ੍ਹਾਂ ਦੂਜਿਆਂ ਦੇ ਵੀ ਨਹੀਂ ਮਗਰ, ਕਿਸੇ ਤਰ੍ਹਾਂ ਵੀ ਨਹੀਂ। ਜਿਹੜੇ ਮਤਲਬ ਉਲਟ ਸਿਧਾਂਤ ਵਾਲੇ ਆ। ਉਲਟ ਸਿਧਾਂਤ ਮਤਲਬ-ਬਈ ਇਲੈਕਸ਼ਨਾਂ ਨਾਲ ਇਹ ਚੇਂਜ ਹੋ ਜਾਏਗੀ।

? ਨਹੀਂ ਹੈਗੇ ਇਹ ਠੀਕ ਹੈ। ਭਾਅ ਜੀ ਇਕ ਮਿੰਟ, ਇਕ ਸਵਾਲ ਹੋਰ। ਸਵਾਲ ਇਹ ਹੈ ਕਿ ਜਿੱਦਾਂ ਹੁਣ ਅਸੀਂ ਇਨਕਲਾਬ ਵਿਚ ਵਿਸ਼ਵਾਸ਼ ਕਰਦੇ ਹਾਂ। ਹਥਿਆਰਬੰਦ ਇਨਕਲਾਬ ਵਿਚ। ਮੈਂ ਵੀ ਉਨ੍ਹਾਂ ਵਿਚ ਸ਼ਾਮਲ ਹਾਂ। ਠੀਕ ਏ, ਮੈਂ ਸਾਹਿਤਕ ਫਰੰਟ 'ਤੇ ਕੰਮ ਕਰ ਰਿਹਾਂ।

• ਠੀਕ ਏ।

? ਮਤਲਬ ਅਸੀਂ ਇਹ ਚਾਹੁੰਦੇ ਹਾਂ ਕਿ ਤੁਸੀਂ ਸਾਡੀ ਇਕ ਇੱਦਾਂ ਦੀ ਆਲੋਚਨਾ

ਕਰੋ, ਅਸੀਂ ਚਾਹੁੰਦੇ ਆਂ ਕਿਉਂਕਿ ਤੁਸੀਂ ਸਾਡੇ ਨਾਲ ਹਰ ਪੱਧਰ 'ਤੇ ਜੁੜੇ ਰਹੇ ਹੋ, ਭਾਵਨਾਤਮਕ ਪੱਧਰ 'ਤੇ ਵੀ, ਜਜ਼ਬਾਤੀ ਪੱਧਰ 'ਤੇ ਵੀ। ਤੁਸੀਂ ਸਾਨੂੰ ਇੱਦਾਂ ਵਿਸਥਾਰ ਸਹਿਤ ਇਕ ਲਕੀਰ ਦਿਓ, ਕਿਉਂਕਿ ਅਸੀਂ ਚਾਹੁੰਦੇ ਤਾਂ ਇਨਕਲਾਬ ਹੀ ਹਾਂ, ਵੋਟ-ਵੂਟ ਤਾਂ ਚਾਹੁੰਦੇ ਨਹੀਂ।

• ਹਾਂ, ਠੀਕ ਏ।

? ਅਸੀਂ ਵੋਟ ਦੇ ਰਸਤੇ ਨੂੰ ਵੀ ਨਹੀਂ ਚਾਹੁੰਦੇ। ਸਾਡੇ ਵਿਚੋਂ ਕੁਝ ਗਰੁੱਪ ਵੋਟ ਨੂੰ ਵੀ ਟੈਕਟਸ (ਦਾਅ ਪੇਚ) ਦੇ ਤੌਰ 'ਤੇ ਵਰਤਣਾ ਚਾਹੁੰਦੇ ਆਂ, ਚਲੋ ਉਹ ਇਕ ਮਤਭੇਦ ਹੋ ਸਕਦਾ, ਅੰਦਰੂਨੀ ਸਾਡਾ, ਅਸੀਂ ਜਿਹੜਾ ਰਾਹ ਚਾਹੁੰਦੇ ਹਾਂ, ਜਾਂ ਅਸੀਂ ਜੋ ਕਰਨਾ ਚਾਹੁੰਦੇ ਆਂ, ਉਹਦੇ ਲਈ ਤੁਸੀਂ ਸਲਾਹ ਦਿਓ ਬਈ ਅਸੀਂ ਕੀ-ਕੀ ਕਰੀਏ? ਮਤਲਬ ਇਕ ਦੋਸਤਾਨਾ, ਹਿਕ ਹਮਦਰਾਨਾ ਸਲਾਹ।

• ਮੈਂ ਇਹਦੇ ਵਿਚ ਇਹ ਚਾਹੁੰਣਾ, ਜਿਹੜੀ ਖਾਸ ਕਰਕੇ ਪੰਜਾਬ ਦੀ ਹਾਲਤ ਏ, ਬਾਕੀ ਹਿੰਦੁਸਤਾਨ ਤਾਂ ਉਹਦੇ ਨਾਲ ਈ ਆ ਜਾਏਗਾ, ਪੂਰੀ ਤਰ੍ਹਾਂ ਔਬਜਿਕਟਿਵ (ਵਸਤੂਗਤ) ਤਰੀਕੇ ਦੇ ਨਾਲ ਉਹਦੀ ਸਟੱਡੀ ਕਰੋ।

? ਹਾਂ ਜੀ।

• ਫਰਜ਼ ਕਰੋ, ਕਿਸੇ ਜੋਨ ਦੇ ਵਿਚ ਤੁਸੀਂ ਕੰਮ ਕਰ ਰਹੇ ਹੋ, ਜਾਂ ਕਿਸੇ ਫਰੰਟ ਉਤੇ ਕੰਮ ਕਰ ਰਹੇ ਹੋ, ਦੇਖੋ, ਕਿ ਉਸ ਫਰੰਟ ਵਿਚ ਹਰ ਸਾਲ ਛੇ ਮਹੀਨੇ ਬਾਅਦ ਰੀਵਿਊ ਕਰੋ, ਰੀਵਿਊ ਕਰਨ ਦੇ ਵਿਚ ਕੋਈ ਤਬਦੀਲੀ ਕਰਨ ਦੇ ਵਿਚ ਆਪਣੇ ਟੈਕਟਸ ਨੂੰ, ਕੋਈ ਸ਼ਰਮਿੰਦਗੀ ਨਹੀਂ। ਤੁਸੀਂ ਇਕ ਰਾਹ 'ਤੇ ਚਲ ਰਹੇ ਹੋ, ਜੇ ਤੁਸੀਂ ਸਮਝਦੇ ਹੋ ਕਿ ਇਹ ਰਾਹ ਠੀਕ ਨਹੀਂ ਇਹਨੂੰ ਬਦਲਣਾ ਚਾਹੀਦਾ ਹੈ, ਤਾਂ ਉਹਦੇ ਵਿਚ ਹਿਚਕ ਨਹੀਂ ਹੋਣੀ ਚਾਹੀਦੀ।

ਹੁਣ ਜਿਸ ਤਰ੍ਹਾਂ ਮੈਂ ਪੜ੍ਹਦਾ ਪਿਆ, ਇਨਾਂ ਨੇ ਦਰਸ਼ਨ ਖਟਕੜ ਹੋਰਾਂ ਨੇ, ਇਲੈਕਸ਼ਨਾਂ ਦੀ ਲਾਈਨ ਆਪਣਾਦਿਆਂ ਹੋਇਆ ਵੀ, ਇਹ ਮੰਨਦੇ ਪਏ ਨੇ ਕਿ ਬੇਸਿਕ (ਮੂਲ) ਵਿਧਾਨ ਦੀ ਚੇਂਜ (ਪਰਿਵਰਤਨ) ਹੋਵੇ। ਉਨ੍ਹਾਂ ਨੂੰ ਇਹ ਤਾਂ ਪਤਾ ਲੱਗ ਗਿਆ ਨਾ ਕਿ ਇਲੈਕਸ਼ਨਾਂ ਦਾ ਰਾਹ ਵੀ ਠੀਕ ਨਹੀਂ, ਦੂਜਾ ਵੀ ਉਹ ਇਹ ਸਮਝਦੇ ਪਏ ਨੇ ਕਿ ਹਾਲੇ ਇਹ ਦਮ ਠੀਕ ਨਹੀਂ ਏ, ਇਸ ਕਰਕੇ ਉਨ੍ਹਾਂ ਨੇ ਮੰਗ ਕੀਤੀ ਕਿ ਇਲੈਕਸ਼ਨਾਂ ਹੋਣ ਵੀ, ਵਿਧਾਨ ਦੇ ਵਿਚ ਬੁਨਿਆਦੀ ਤਬਦੀਲੀਆਂ ਦੀ ਮੰਗ, ਲਿਆਂਦੀ ਏ। ਇਹਦੇ ਉਤੇ ਕੰਮ ਕਰਨਾ ਚਾਹੀਦਾ। ਵਿਧਾਨ ਦੀਆਂ ਜਿਹੜੀਆਂ ਸਾਰੀਆਂ ਧਾਰਾਵਾਂ ਨੇ, ਵਿਧਾਨ ਦੀ ਇਕ ਇਕ ਧਾਰਾ ਨੂੰ ਲੈ ਕੇ ਕਿਹੜੀ ਐਂਟੀ ਪੀਪਲ (ਲੋਕ ਵਿਰੋਧੀ) ਹੈ, ਕਿਹੜੀ ਇਹ ਹੈ। ਜਿਸ ਤਰ੍ਹਾਂ ਹੁਣ ਜਿਹੜੀ ਸਭ ਤੋਂ ਵੱਡੀ ਗੱਲ ਸਾਡੇ ਲਈ ਚੈਲਿੰਜ ਕਰਨ ਵਾਲੀ ਏ, ਉਹ ਰਾਈਟ ਆਫ਼ ਪ੍ਰਾਪਟੀ (ਜਾਇਦਾਦ ਦਾ ਅਧਿਕਾਰ) ਆ। ਵਿਧਾਨ ਦੇ ਵਿਚ ਰਾਈਟ ਆਫ਼ ਅਪਰਚੂਨਿਟੀ (ਬਰਾਬਰ ਮੌਕਿਆਂ ਦਾ ਅਧਿਕਾਰ),... ਇਹ ...ਵਿਧਾਨ ਦੀ ਮੁੱਖ

ਧਾਰਾ ਵਿਚ ਆਏ ਰਾਈਟ ਟੂ ਵਰਕ, ਰਾਈਟ ਆਫ਼ ਪ੍ਰਾਪਟੀ ਨਾ ਹੋਵੇ। ਅਸੀਂ ਇੰਜ ਕਰਕੇ ਹੀ ਲੋਕਾਂ ਨੂੰ ਆਪਣੇ ਨਾਲ ਲਈਏ ਨਾ।

ਫਿਰ ਜਦੋਂ ਲੋੜ ਪਏ 'ਤੇ ਲਿਆਈਏ। ਦੇਖੀਏ...ਹੁਣ ਆਰਮੀ ਵੀ ਆਪਣੀ ਆ। ਉਹਦੇ ਵਿਚ ਵੀ ਬਗਾਵਤਾਂ ਆ ਸਕਦੀਆਂ। ਆਈਆਂ ਵਾਂ ਵਕਤ ਦੇ ਨਾਲ।

? ਹਾਂ ਭਾਅ ਜੀ ਇਕ ਹੋਰ ਜਿਹੜਾ ਇਸ ਸਮੇਂ ਬਹੁਤ ਸੁਲਗਦਾ ਮਸਲਾ ਹੈ। ਨੇਸ਼ਨਲਟੀਜ਼ (ਕੌਮੀਅਤਾਂ) ਦਾ ਸਵਾਲ ਹੈ ? ਕਸ਼ਮੀਰੀ ਜਿੱਦਾਂ ਲੜ ਰਹੇ ਆ, ਤੁਸੀਂ ਹੁਣੇ ਆਸਾਮ ਦਾ ਜ਼ਿਕਰ ਕੀਤਾ...ਉਥੇ

• ਹਾਂ ਜੀ।

? ਮਤਲਬ ਪੰਜਾਬ ਦਾ ਵੀ ਕਈ ਵਾਰ ਇੱਦਾਂ ਲਗਦਾ ਬਈ ਕਿ ਪੰਜਾਬੀ ਤਾਂ ਇਕ ਚੀਜ਼ ਇਕ ਕਾਨਸੈਸੋਟ ਹੈਗਾ, ਇਕ ਲੈਸ਼ਨਲਟੀ ਆਫ਼ ਨੈਸ਼ਨਲਟੀ (ਆਤਮ ਨਿਰਣੈ ਦਾ ਸੰਘਰਸ਼) ਵੀ ਕਹਿੰਦੇ ਹਨ।

• ਫਿਰ ਜੇ ਮੈਂ ਓਹੀ ਲਫਜ਼, ਇੰਜ ਕਹਾਂ ਕਿ ਅਕਾਲੀਆਂ ਨੇ ਫਿਰ ਓਹੀ ਪੋਲੇਟਿਕਸ ਸ਼ੁਰੂ ਕਰ ਦਿੱਤੀ ਏ ਪੰਜਾਬ ਵਰਸਜ਼ ਸੈਂਟਰ। ਆਪਣੀ ਨਲਾਇਕੀਆਂ, ਆਪਣੀ ਹਕੂਮਤ ਚੰਗੀ ਤਰ੍ਹਾਂ ਚਲਾਈ ਨਹੀਂ ਏ। ਸੈਂਟਰ ਇਹ ਨਹੀਂ ਦੇਂਦਾ। ਸੈਂਟਰ ਤੁਹਾਨੂੰ ਨਹੀਂ ਮਨ੍ਹਾਂ ਕਰਦਾ। ਇਸੇ ਤਰ੍ਹਾਂ ਜਿਹੇ ਸਿੱਖ ਬੁੱਧੀਜੀਵੀ ਆ, ਆਪਣੀ ਨਲਾਇਕੀਆਂ ਆਪਣੀਆਂ ਬੁਜ਼ਦਲੀਆਂ ਸਾਰੀਆਂ ਛੁਪਾਉਣ ਵਾਸਤੇ ਉਹ ਸਮਝਦੇ ਨੇ। ਸਿੱਖ ਇਜ਼ਮ ਦੇ ਨਾਂ ਉਹ,... ਬੁਨਿਆਦੀ ਤੌਰ 'ਤੇ ਉਹ ਕਮਿਊਨਿਸਟ ਵਿਰੋਧ ਨੇ। ਜਿੰਨੇ ਸਿੱਖ ਬੁਧੀਜੀਵੀ ਇਹ ਮੰਗ ਪਏ ਕਰਦੇ ਨੇ ਕਿ ਇਹ ਨੈਸ਼ਨਲਟੀ ਤੇ ਦੂਜੇ...ਮੈਂ ਇਹ ਪੁੱਛਿਆ ਇਹ ਜਿਹੜੇ ਪ੍ਰੋਫੈਸਰ-ਸ਼ੈਸ਼ਰ ਨੇ ਕਿ ਤੁਹਾਡੀ ਨੈਸ਼ਨਲਟੀ ਵਿਚ ਇਹ ਜਿਹੜੇ ਵਿਹੜੇ ਵਾਲੇ ਨੇ, ਖੇਤ ਮਜ਼ਦੂਰ ਨੇ ਜਾਂ ਪੱਲੇਦਾਰ ਨੇ ਇਹ ਕਿਥੇ ਸਟੈਂਡ ਕਰਦੇ ਨੇ ? ਚੁੱਪ ਕਰ ਗਏ।

? ਹੂੰ ਇਹ ਕਿਹੜੀ ਨੇਸ਼ਨ ਆ ?

• ਇਹ ਕਿਹੜੀ ਨੇਸ਼ਨ ਏ ? ਤੁਸੀਂ ਆਪ ਤਾਂ ਮੁੱਹਲਾਂ ਦੇ ਵਿਚ ਰਹਿੰਦੇ ਓ ਤੇ ਉਨ੍ਹਾਂ ਵਾਸਤੇ ਜੰਗਲ ਪਾਣੀ ਜਾਣ ਲਈ ਵੀ ਜਗ੍ਹਾਂ ਨਹੀਂ। ਇਹ ਕਿਹੜੀ ਨੈਸ਼ਨਲਟੀ ਆ ? ਆਖੇ-ਇਹ ਪੰਜਾਬੀ ਨੇ, ਪਰ ਹਾਲੇ ਇਨ੍ਹਾਂ ਨੂੰ ਜਾਗ੍ਰਿਤ ਕਰਨਾ। ਯਾਨਿ ਜਿਹੜੇ ਅਸੀਂ ਮੰਗਣ ਵਾਲੇ ਆਂ ਜਾਗ੍ਰਿਤ ਆਂ। ਪਰਿਵਲਿਜ਼ਡ (ਸੁਵਿਧਾ ਪ੍ਰਾਪਤ) ਬੰਦੇ ਜਾਗ੍ਰਿਤ ਆਂ ਤੇ ਨਾਨ-ਪਰਿਵਲਿਜ਼ਡ (ਥੁੜਾਂ ਵਾਲੇ) ਗੈਰ-ਜਾਗ੍ਰਿਤ ਹਨ। ਹਾਲੇ ਇਨ੍ਹਾਂ ਦੇ ਹੱਕ ਦੀ ਗੱਲ ਨਹੀਂ ਕਰਨੀ। ਸੋ ਸਾਡੇ ਪੋਲੇਟਿਕਸ ਇਥੇ ਆਏਗੀ ਕਿ ਇਹ ਯੂ. ਪੀ. ਜਾਂ ਮੱਧ ਪ੍ਰਦੇਸ਼ ਵਾਲੇ ਕੋਈ ਬਹੁਤੇ ਅਮੀਰ ਨੇ, ਉਹ ਜਿਹੜੇ ਪੰਜਾਬ ਨੂੰ ਲੁੱਟ ਰਹੇ ਨੇ। ਲੁੱਟ ਤਾਂ ਗਰੀਬ ਕਲਾਸ ਦੀ ਹਰ ਜਗ੍ਹਾਂ ਹੋ ਰਹੀ ਏ। ਮਤਲਬ ਜੇ ਇਹ ਆਖੋ ਬਈ ਹਿੰਦੁਸਤਾਨ ਸਾਮਰਾਜ ਏ ਤੇ ਪੰਜਾਬ ਨੂੰ ਲੁੱਟ ਰਿਹਾ ਏ, ਇਹ ਕੋਈ ਗੱਲ ਨਹੀਂ ਏ। ਯੂ. ਪੀ. ਦੇ ਭਈਏ ਵਿਚਾਰੇ ਕਿਹੜੇ ਤਖ਼ਤ 'ਤੇ ਬੈਠੇ ਹੋਏ ਨੇ।

? ਅੰਤ ਵਿਚ, ਆਪਾਂ ਉਸੇ ਮਸਲੇ 'ਤੇ ਫਿਰ ਆਈਏ ਜਿਥੋਂ ਆਪਾਂ ਸ਼ੁਰੂ ਕੀਤਾ ਸੀ। ਕਿਉਂਕਿ ਹੁਣ ਮੈਂ ਇਸ ਸਮੇਂ ਗਿਆਨ ਸਿੰਘ ਸੰਘਾ ਾਂ ਇਕ ਕਿਤਾਬ ਤਿਆਰ ਕਰ ਰਿਹਾਂ। ਉਹਦੇ ਬਾਰੇ ਥੋੜਾ ਹੋਰ ਦੱਸੋ, ਕਿੰਜ ਸੋਚਦੇ ਓ ਤੁਸੀਂ ?

• ਉਹ ਇਹ ਹੈ ਕਿ ਜਦੋਂ ਤੁਸੀਂ ਲੋਕਾਂ ਨੂੰ ਸੰਘਰਸ਼ ਵਿਚ ਪਾਣਾਂ, ਤਾਂ ਉਨ੍ਹਾਂ ਨੂੰ ਮੋਟੀਵੇਟ ਵੀ ਕਰਨਾ, ਉਨ੍ਹਾਂ ਨੂੰ ਦੱਸਣਾ ਤਾਂ ਹੈ ਨਾ, ਸਮਝਾਣਾ ਤਾਂ ਹੈ ਨਾ, ਤੁਸੀਂ ਸੰਘਰਸ਼ ਕਾਹਦੇ ਲਈ ਕਰ ਰਹੇ ਹੋ। ਇਹ ਮੈਂ ਸਮਝਦਾ ਹਾਂ ਕਿ ਗਿਆਨ ਸਿੰਘ ਸੰਘਾ ਨੂੰ ਬੜੀ ਸੋਹਣੀ ਜਾਚ ਸੀ। ਉਹ ਭੱਠਾ ਮਜ਼ਦੂਰਾਂ ਨੂੰ ਲੀਡ ਕਰ ਰਿਹਾ ਹੈ ਤਾਂ ਉਨ੍ਹਾਂ ਦੀ ਸਾਰੀ ਜ਼ਿੰਦਗੀਆਂ ਦੇ ਬਾਰੇ ਉਹ ਕਰਕੇ (ਮਤਲਬ ਸਮਝ ਕੇ), ਤੇ ਉਨ੍ਹਾਂ ਨੂੰ ਉਭਾਰ ਕੇ, ਉਕਸਾ ਕੇ, ਕਿ ਇਹ ਕਹਿ ਕੇ ਕਿ ਇਹ ਮੁਨਸ਼ੀ ਤੁਹਾਡੀਆਂ ਔਰਤਾਂ ਵੱਲ ਗਲਤ ਨਜ਼ਰ ਨਾਲ ਕਿਉਂ ਦੇਖਦਾ ? ਮਤਲਬ ਉਹ ਮਿਸਾਲਾਂ ਦਿੰਦਾ ਸੀ, ਮੈਨੂੰ ਯਾਦ ਹੈ ਕਿ ਉਹ ਮਿਸਾਲ ਦੇ ਰਿਹਾ ਸੀ, ਤੁਹਾਡੀਆਂ ਔਰਤਾਂ ਜਦੋਂ ਇੰਜ ਮਿੱਟੀ ਚੁੱਕਣ ਲਗਦੀਆਂ ਨੇ, ਝੁਕਦੀਆਂ ਨੇ, ਤੇ ਮੁਨਸ਼ੀ ਇੰਜ (ਬਿਲਕੁਲ ਬਕਾਇਦਾ ਨਕਲ ਲਾ ਕੇ) ਟੇਢੀ ਅੱਖ ਨਾਲ ਕੀ ਦੇਖਦਾ ? ਉਹ ਦੇਖਦਾ, ਉਨ੍ਹਾਂ ਦੀਆਂ ਛਾਤੀਆਂ ਦੇਖਦਾ। ਉਹ ਗਿਆਨ ਨੇ ਜਦੋਂ ਇੰਜ ਕੀਤਾ ਤਾਂ ਮੈਨੂੰ ਪਤਾ ਕਿੰਜ ਨਾਅਰੇ ਲੱਗੇ। ਇਹੋ ਜਿਹੀਆਂ ਮਤਲਬ ਨਿੱਕੀਆਂ-ਕਿਨੱਕੀਆਂ ਮਿਸਾਲਾਂ ਆ। ਲੋਕਾਂ ਨੂੰ ਇੰਜ ਕਹਿਣਾ ਕਿ ਤੁਹਾਡੇ ਬੱਚੇ ਨਹੀਂ ਇੰਜ ਚਾਹੁੰਦੇ ਕਿ ਉਹ ਪਿਛੇ ਬਸਤਾ ਸੁੱਟ ਕੇ, ਨਿੱਕਰ ਪਾ ਕੇ, ਉਪਰ ਜੂੜੀ ਦੇ ਉਪਰ ਰੁਮਾਲ ਬੰਨ੍ਹਿਆ ਹੋਵੇ ਤੇ ਉਹ ਵੀ ਸਕੂਲ ਚਾਈਂ ਚਾਈਂ ਜਾਣ।

ਹਾਂ ਜੀ, ਹਾਂ ਜੀ।

? ਕੀ ਤੁਹਾਡੀਆਂ ਬਾਲੜੀਆਂ ਨਹੀਂ ਚਾਹੁੰਦੀਆਂ ਕਿ ਉਨ੍ਹਾਂ ਦੇ ਸਿਰਾਂ ਵਿਚ ਜੂੰਆਂ ਨਾ ਹੋਣ ? ਉਹ ਲੋਕਾਂ ਦੇ ਗੋਹੇ ਥਪਦਿਆਂ-ਥਪਦਿਆਂ ਜਾਂ ਉਨ੍ਹਾਂ ਦੇ ਮੈਲੇ ਚੁੱਕਦਿਆਂ-ਚੁੱਕਦਿਆਂ...ਉਨ੍ਹਾਂ ਦੇ ਕੱਪੜੇ ਗੰਦੇ ਨਾ ਹੋ ਜਾਣ। ਮਤਲਬ ਇੰਜ ਉਹ ਮਿਸਾਲ ਦੇਂਦਾ ਸੀ। ਉਹ ਮੈਂ ਫਰਕ ਦੇਖਦਾ ਸਾਂ ਕਿ ਉਹ ਪੋਲੀਟੀਕਲ (ਸਿਆਸੀ) ਤਕਰੀਰ ਦੇ ਨਾਲ ਨਾਲ ਜਿਹੜੀਆਂ ਮਾਨਗਵਾਦੀ, ਹੂਮਨ ਟਚਿਜ ਦੇਂਦੇ ਸਨ। ਮੈਂ ਉਹਨੂੰ ਕਈ ਵਾਰ ਕਹਿੰਦਾ ਹੁੰਦਾ ਸਾਂ ਕਿ ਤੂੰ ਡੇਢ ਘੰਟਾ ਡਰਾਮਾ ਕਰਦਾ ਏਂ, ਮੇਰਾ ਡਰਾਮਾ ਤਾਂ ਵੀਹ ਮਿੰਟ ਦਾ ਹੁੰਦਾ। ਜੇ ਮੈਂ ਲੰਬਾ ਕਰਾਂ ਤਾਂ ਸ਼ਾਇਦ ਉਹ ਅੱਕ ਜਾਣ। ਪਰ ਮੇਰੇ ਡੇਢ ਘੰਟੇ ਦੇ ਡਰਾਮੇ ਨਾਲ ਲੋਕ ਨਹੀਂ ਅੱਕਦੇ। ਸੁਣਦੇ ਨੇ ਧੌਣਾਂ ਖੜੀਆਂ ਕਰਕੇ। ਉਹ ਕਿਉਂ ਸੁਣਦੇ ਨੇ ? ਤੇਰੇ ਕੋਲ ਹੈਗਾ ਏ ਮੁਹਾਵਰਾ। ਉਹਦੇ ਕੋਲ ਮੁਹਾਵਰਾ ਸੀ। ਮੈਂ ਪੋਲੀਟੀਕਲ ਤਕਰੀਰ ਦਾ ਮੁਹਾਵਰਾਂ ਕਹਿਣਾ। ਔਰ ਪੰਜਾਬ ਵਿਚ ਉਹ ਉਹ ਹੋਰ ਕਿਸੇ ਬੰਦੇ ਕੋਲ ਨਹੀਂ ਹੈ।

? ਅੱਛਾ ਐਜੀਟੇਸ਼ਨ (ਅੰਦੋਲਨ) ਦਾ ਵੀ ਉਹਨੇ ਕੋਈ ਖਾਸ ਰੂਪ ਡੀਵੇਲਪ (ਵਿਕਸਿਤ) ਕੀਤਾ। ਜਿਵੇਂ ਪੁਲਿਸ ਦੇ ਖਿਲਾਫ਼ ਸੀ, ਮਿੱਲ ਵਾਲਾ ਵੀ, ਭੱਠੇ ਵਾਲਾ

ਵੀ, ਕੋਈ ਬੇਇਨਸਾਫ਼ੀ ਹੋਈ ਉਹਦੇ ਵਿਰੁਧ ਵੀ...।

• ਇਥੇ ਇਹ ਸੀ ਕਿ ਹਰ ਜਗ੍ਹਾ, ਕਈ ਜਗਾ ਮੈਂ ਆਪ ਵੀ ਉਥੇ ਆਂ, ਪੁਲਿਸ ਆਈ,... ਇਹ ਗੱਲ ਖਟਕੜ ਕਲਾਂ ਦੀ ਏ। ਖਟਕੜ ਕਲਾਂ...ਇਧਰੋਂ ਅਸੀਂ ਜਾ ਰਹੇ ਸਾਂ ਕਾਹਮਾ ਵਲੋਂ ਤੇ ਖਟਕੜ ਕਲਾਂ ਦੇ ਉਰੇ ਰੋਕ ਲਿਆ। ਉਹਨਾਂ ਨੇ ਕਿਹਾ ਕਿ ਤੁਸੀਂ ਓਧਰ ਚਲੇ ਜਾਓ, ਇਧਰ ਬੁੱਤ ਵੱਲ ਨਹੀਂ। ਉਹ ਆਣਾ ਪਤਾ ਨਹੀਂ ਕਿਹੜੇ ਲੀਡਰ ਨੇ, ਜਾਂ ਕੁਝ ਏ। ਤੇ ਗਿਆਨ ਨੇ ਜਿਸ ਤਰ੍ਹਾਂ ਲਾਹੀ ਉਸਦੀ, ਪੁਲਿਸ ਦੀ ਤੇ ਫਿਰ ਬਹਿ ਗਿਆ ਸੜਕ 'ਤੇ। ਉਹ ਸੜਕ 'ਤੇ ਬਹਿ ਗਿਆ ਤੇ ਅਸੀਂ ਸਾਰੇ ਵੀ ਬਹਿ ਗਏ। ਉਨ੍ਹਾਂ ਵਾਇਰਲੈਸ ਭੇਜੀ ਜਲੰਧਰ। ਇਸ ਤਰ੍ਹਾਂ ਫਿਰ ਉਨ੍ਹਾਂ ਕਿਹਾ ਕਿ ਇਨਾਂ ਨੂੰ ਜਾਣ ਦਿਓ। ਇਹ ਸ਼ਰਧਾਂਜਲੀ ਆਪਣੇ ਬੁੱਤ 'ਤੇ ਦੇ ਲੈਣ।

ਮਤਲਬ ਕਿ ਉਹ ਐਟ ਦੀ ਸਪਾਟ ਡੀਸੀਜ਼ਨ (ਮੌਕੇ 'ਤੇ ਤਰੁੰਤ ਫੈਸਲਾ) ਲੈਂਦਾ ਸੀ। ਉਹਨੂੰ ਇਹ ਤਰੀਕੇ ਆਉਂਦੇ ਸਨ, ਲੋਕਾਂ ਨੂੰ ਮੋਟੀਵੇਟ (ਉਭਾਰਨ) ਕਰਨ ਦੇ।

? ਬਲਦੇਵ ਮਾਨ ਵੀ ਜਦੋਂ ਸ਼ਹੀਦ ਹੋਇਆ, ਉਹ ਦਿਨ ਮੇਰੇ ਈ ਨਾਲ ਸੀਗਾ। ਮੈਂ ਯੂ. ਪੀ. ਜਾਣਾ ਸੀਤੇ ਮੈਨੂੰ ਬੱਸੇ ਬਿਠਾ ਕੇ ਗਿਆ। ਉਹ ਪਹਿਲਾਂ ਵੀ ਯੂ. ਪੀ. ਵਿਚ ਸੀ ਕਈ ਦਿਨਾਂ ਤਕ ਤੇ ਉਹਨੂੰ ਪਤਾ ਸੀ ਕਿ ਉਹਦੇ ਪਿਛੇ ਲੱਗੇ ਆ। ਉਹਦੇ ਨਾਲ ਵੀ ਕਈ ਵਾਰ ਜਦੋਂ ਤੁਹਾਡੇ ਸੰਦਰਭ ਵਿਚ ਗੱਲ ਹੁੰਦੀ ਸੀ ਤਾਂ ਉਹ ਵੀ ਤੁਹਾਡੇ ਪ੍ਰਤੀ ਬੜੀ ਇੱਜ਼ਤ ਵਾਲਾ, ਸਨਮਾਨ ਵਾਲਾ ਇਕ ਬਹੁਤ ਹੀ ਵੱਡਾ ਇੱਦਾਂ ਉਹ ਸਮਝਦੇ ਸੀ ਕਿ ਤੁਹਾਡੀ ਇਕ ਕਨਟਰੀਬਿਊਸ਼ਨ (ਯੋਗਦਾਨ) ਰਹੀ ਆ, ਜਿਹੜੀ ਵੀ ਮਾਸ ਮੂਵਮੈਂਟ (ਜਨਤਕ ਅੰਦੋਲਨ) ਅੰਮ੍ਰਿਤਸਰ ਵਿਚ ਵਿਕਸਿਤ ਹੋਈ ਆ। ਬਲਦੇਵ ਮਾਨ ਬਾਰੇ ਇੱਦਾਂ ਤੁਸੀਂ ਕੋਈ ਇਨਸੀਡੈਂਟ (ਘਟਨਾ), ਜਾਂ ਕੁਝ ਯਾਦਾਂ ਜਾਂ ਆਪਣੇ ਇਮਪਰੇਸ਼ਨਜ਼ (ਪ੍ਰਭਾਵ) ਦੱਸ ਸਕਦੇ ਓ ?

• ਬਲਦੇਵ ਮਾਨ ਦੇ ਬਾਰੇ, ਮੇਰਾ ਪ੍ਰਭਾਵ ਹੈ ਕਿ ਉਹ ਵੀ ਬੜਾ ਭਾਰੀ ਮਾਸਜ (ਜਨਤਾ) ਦਾ ਲੀਡਰ ਸੀ। ਮੇਰਾ ਇਕ ਅਨੁਭਵ ਹੋਇਆ, ਸਾਡੇ ਅੰਮ੍ਰਿਤਸਰ ਮੁਹੱਲੇ ਦੀ ਇਕ ਕੁੜੀ ਉਨ੍ਹਾਂ ਦੇ ਛੀਨਾ ਵਿਆਹੀ ਗਈ ਔਰ ਉਹ ਕੁੜੀ ਕੁਝ ਦੇਰ ਬਾਅਦ ਖੂਹ ਵਿਚ ਛਾਲ ਮਾਰ ਕੇ ਮਰ ਗਈ। ਉਹ ਕਿਸੇ ਟੀਚਰ ਨਾਲ ਵਿਆਹੀ ਗਈ ਸੀ। ਉਹਦਾ ਬਾਪ ਵੀ ਟੀਚਰ ਸੀ। ਜ਼ਰੂਰੀ ਗੱਲ ਏ- ਮੈਂ ਬਲਦੇਵ ਮਾਨ ਨੂੰ ਕਿਹਾ, ਪਹਿਲਾਂ ਅਸੀਂ ਗਏ, ਫ਼ਿਰ ਉਸਨੇ ਪੂਰੇ ਇਲਾਕੇ ਦਾ ਇਕੱਠ ਕੀਤਾ, ਐਡਰੈਸ (ਭਾਸ਼ਣ) ਕੀਤਾ ਕਿ ਭਾਅ ਜੀ ਆਏ ਨੇ, ਇਹ ਕਹਿੰਦੇ ਨੇ ਕਿ ਅਸੀਂ ਆਪਣੀ ਧੀ ਤੁਹਾਡੇ ਪਿੰਡ ਭੇਜੀ ਸੀ, ਤੁਸੀਂ ਲਾਸ਼ ਬਣਾ ਦਿੱਤੀ। ਤੁਸੀਂ ਚਾਹੋਗੇ ਕਿ ਤੁਹਾੜੀਆਂ ਧੀਆਂ ਜਿਹੜੀਆਂ ਵਿਆਹੀਆਂ ਜਾਣ ਤੇ ਉਹ ਖੂਹਾਂ ਵਿਚ ਛਾਲਾਂ ਮਾਰਨ ?

ਔਰ ਜਿਸ ਤਰ੍ਹਾਂ ਉਸਨੇ ਸਾਰਾ ਕੁਝ ਕੀਤਾ। ਇਹ ਦੇਖਦਿਆਂ ਕਿ ਉਸ ਮਾਸਟਰ

ਦਾ ਸ਼ੋਸ਼ਲ ਬਾਈਕਾਟ ਹੋਇਆ, ਉਹਦੇ ਬਾਪ ਦਾ ਵੀ। ਟੱਬਰ ਦਾ, ਸਾਰੇ ਦਾ। ਜਿਹੜਾ ਦਾਜ਼ ਸੀ, ਉਹਦੀ ਇਕ ਇਕ ਲਿਸਟ ਦੇਖ ਕੇ, ਮੈਂ ਨਾਲ ਲੈ ਗਿਆ ਸਾਂ। ਉਹ ਕੁੜੀ ਦੀ ਮਾਂ ਨੂੰ ਵੀ, ਭਰਾ ਨੂੰ ਵੀ... ਉਹ ਸਾਰਾ ਦਾਜ਼ ਗੱਡੀਆਂ ਵਿਚ ਲੱਦਿਆ। ਜਿਹੜੀਆਂ ਚੀਜ਼ਾਂ ਵਰਤੀਆਂ ਗਈਆਂ ਸਨ ਉਨ੍ਹਾਂ ਦੀ ਕੀਮਤ ਤੈਅ ਕੀਤੀ। ਪਰ ਇਹ ਤਾਂ ਹੀ ਹੋਇਆ ਕਿ ਬਲਦੇਵ ਮਾਨ ਨੇ ਜਿਸ ਤਰ੍ਹਾਂ ਮੂਵ ਕੀਤਾ, ਜਜ਼ਬਾਤੀ ਤੌਰ 'ਤੇ। ਉਹਦਾ ਆਵਾਮੀ ਤਰੀਕਾ ਸੀ। ਉਹਦੀ ਇੱਜਤ ਸੀ, ਉਹਦਾ ਮਾਣ ਸੀ। ਹਾਲੇ ਕੋਈ ਐਡੀ ਉਮਰ ਨਹੀਂ ਸੀ ਉਹਦੀ, ਉਹਦੀ ਵਾਜ ਏ ਜੰਗ ਸਟੂਡੈਂਟ ਲੀਡਰ ਉਹ ਨੌਜੁਆਨ ਵਿਦਿਆਰਥੀ ਲੀਡਰ ਸੀ, ਪਰ ਉਹਨੂੰ ਲੋਕ ਮਾਨ ਸਾਹਿਬ, ਮਾਨ ਸਾਹਿਬ ਕਹਿੰਦੇ ਸਨ। ਮੈਂ ਦੇਖਿਆ ਮਾਨ ਸਾਹਿਬ ਕਹਿੰਦੇ ਸਨ।

? ਹਾਂ ਜੀ। ਮਾਨ ਸਾਹਿਬ।

• ਉਹਦੇ ਜਿਹੜੇ ਪਿੰਡਾਂ ਦੇ, ਇਲਾਕੇ ਦੇ, ਨਹੀਂ ਤਾਂ ਬਜ਼ੁਰਗ ਵੀ ਕਹਿੰਦੇ ਨੇ- ਬਲਦੇਵ। ਮਤਲਬ ਪੁੱਤਰ ਏ ਪਿੰਡ ਦਾ। ਪਰ ਉਹ ਵੀ ਮਾਨ ਸਾਹਿਬ ਕਹਿੰਦੇ ਸਨ। ਮਤਲਬ ਕਿ ਪਰਾਈਡ (ਮਾਣ) ਸੀ ਸਾਰੇ ਪਿੰਡ ਨੂੰ ਕਿ ਸਾਡਾ ਹੈ ਇਹ ਨੌਜੁਆਨ। ਬਾਅਦ ਵਿਚ ਇਥੋਂ ਤਕ ਹੋਇਆ ਕਿ ਉਹ ਜਿਹੜਾ ਸਹੁਰਾ ਸੀ ਕੁੜੀ ਦਾ, ਮਾਸਟਰ, ਦਿਲ ਫੇਲ੍ਹ ਹੋ ਕੇ ਮਰ ਗਿਆ ਤੀਜੇ ਦਿਨ। ਉਹ ਬੇਇਜ਼ਤੀ ਨਹੀਂ ਸਹਿਨ ਕਰ ਸਕਿਆ।

? ਮਾਰਿਆ ਸੀ ਉਨ੍ਹਾਂ ਨੇ ਉਸ ਲੜਕੀ ਨੂੰ ?

• ਹਾਂ, ਉਹ ਸਿਚੂਏਸ਼ਨ (ਸਥਿਤੀ) ਇੱਦਾਂ ਕਰੀਏਟ (ਪੈਦਾ) ਕੀਤੀ, ਜਾਂ ਖੂਹ ਵਿਚ ਧੱਕਾ ਦੇ ਦਿੱਤਾ।

? ਅੱਛਾ ਭਾਅ ਜੀ, ਆਪਾਂ ਪਿਛਲੇ ਸਾਲ ਲੱਖਣ ਕੇ ਪੱਡੇ, ਜੈਮਲ ਪੱਡੇ ਦੇ ਸ਼ਹੀਦੀ ਦਿਵਸ 'ਤੇ ਇਕੱਠੇ ਹੋਏ ਸਾਂ।

• ਹਾਂ, ਮੈਂ ਐਤਕੀਂ ਵੀ ਗਿਆ ਸਾਂ।

? ਉਹ ਕਿਤਾਬ ਵੀ ਆਪ ਰੀਲੀਜ਼ ਕੀਤੀ ਸੀ। 'ਉਨ੍ਹਾਂ ਮਿੱਤਰਾਂ ਦੀ ਯਾਦ ਪਿਆਰੀ'। ਮੇਰਾ ਮਤਲਬ ਇਨ੍ਹਾਂ ਸਾਰਿਆਂ ਸਾਥੀਆਂ ਨਾਲ ਜਜ਼ਬਾਤੀ ਪੱਧਰ 'ਤੇ ਤੁਸੀਂ ਕਿ ਰਿਸ਼ਤਾ ਮਹਿਸੂਸ ਕਰਦੇ ਓ ਹਾਲੇ ਤਕ, ਰਾਜਨੀਤੀ ਤੋਂ ਇਲਾਵਾ...

• ਜੈਮਲ ਪੱਡਾ ਨਾਲ ਵੀ ਮੇਰਾ ਬੜਾ ਜਜ਼ਬਾਤੀ ਰਿਸ਼ਤਾ ਸੀ। ਮੈਨੂੰ ਇਹ ਪਤਾ ਹੈ ਜੈਮਲ ਪੱਡਾ ਨਾਲ ਐਜ ਏ ਪੋਇਟ (ਕਵੀ) ਵੀ, ਐਜ ਏ ਗੀਤਕਾਰ ਵੀ ਸੀ... ਫਿਰ ਜਦੋਂ ਮੈਂ ਇਨਾਂ ਦੇ ਘਰ ਜਾਣਾ, ਪਤਨੀ, ਬੱਚਿਆਂ ਨਾਲ ਮੇਰਾ ਬੜਾ ਪਿਆਰ ਸੀ। ਮੈਂ ਹੁਣ ਹਰ ਸਾਲ ਜਾਣਾ। ਇਸੇ ਕਰਕੇ ਪਲਸ ਮੰਚ ਵਲੋਂ ਅਸੀਂ ਤੈਅ ਕੀਤਾ ਕਿ ਹਰ ਸਾਲ 17 ਮਾਰਚ ਨੂੰ, ਲੱਖਣ ਕੇ ਪੱਡਾ ਜੈਮਲ ਪੱਡਾ ਨੂੰ ਅਸੀਂ ਜ਼ਰੂਰ ਸ਼ਰਧਾਂਜਲੀ ਦੇਣ ਆਵਾਂਗੇ, ਯਾਦ ਕਰਾਂਗੇ। ਪਿੰਡ ਵਾਲਿਆਂ ਐਤਕੀ ਬਹੁਤ ਸਹਿਯੋਗ ਦਿੱਤਾ, ਪਿਛਲੇ ਸਾਲ ਨਾਲੋਂ ਵੀ ਵੱਧ ਚੜ੍ਹ ਕੇ। ਪਿਛਲੇ ਸਾਲ ਉਨ੍ਹਾਂ

ਦੀ ਥੋੜ੍ਹੀ ਬਹੁਤ ਨਰਾਜ਼ਗੀ ਸੀ, ਟੱਬਰ ਦੇ ਨਾਲ, ਕਰਮ ਪੱਡਾ ਨਾਲ। ਹੋ ਸਕਦਾ ਕਈ ਵਾਰ ਪਿੰਡ ਪੱਧਰ 'ਤੇ ਵੀ ਕਈ ਨਰਾਜ਼ਗੀਆਂ ਹੁੰਦੀਆਂ ਨੇ ਮਹਿੰਦਰ ਪੱਡਾ ਉਥੇ ਸਰਪੰਚ ਏ, ਉਹਨੇ ਵੀ ਦਸਿਆ ਕਿ ਐਤਕੀ ਲੋਕਾਂ ਦਾ ਬੜਾ ਚੰਗਾ ਸਹਿਯੋਗ ਸੀ।

? ਕਿਉਂ ਭਾਅ ਜੀ, ਤੁਹਾਨੂੰ ਉਹ ਵਾਕਿਆ ਯਾਦ ਹੈ, ਜਦੋਂ ਅਸੀ ਕਾਲਾ ਸੰਘਿਆ ਵਿਚ ਸੰਨ 1973 ਵਿਚ ਕਾਲੀ ਅਜ਼ਾਦੀ ਮਨਾਈ ਸੀ। 26 ਜਨਵਰੀ ਨੂੰ। ਤੁਸੀਂ ਨਾਟਕ ਵੀ ਕੀਤੇ ਸੀ। ਮੈਨੂੰ ਇਕ ਨਾਟਕ ਦਾ ਨਾਂ ਵੀ ਯਾਦ ਹੈ ਹਾਲੇ ਤਕ। ਨੰਗਾ ਆਦਮੀ ਤੇ ਹਾਂ ਇਕ ਹੋਰ ਵੀ। ਇਕ ਮਾਂ ਦੋ ਮੁਲਕ।

• ਯਾਦ ਏ।

? ਉਥੇ ਲੋਕ ਵੀ ਬਹੁਤ ਸੀ। ਕੋਈ ਦਸ ਹਜ਼ਾਰ, ਵਗੈਰਾ ਦਾ ਇਕੱਠ ਵੀ ਸੀਗਾ।

• ਇਹ 26 ਜਨਵਰੀ ਦੀ ਰਾਤ ਦੀ ਗੱਲ ਏ।

? ਹਾਂ ਜੀ। ਮੇਰਾ ਮਤਲਬ ਤੁਸੀਂ ਕਾਲਾ ਸੰਘਿਆ ਮੂਵਮੈਂਟ ਨਾਲ ਵੀ ਜੁੜੇ ਰਹੇ। ਮੈਨੂੰ ਬੜਾ ਸ਼ੌਕ ਰਿਹਾ। ਤੁਹਾਨੂੰ ਸੁਣਨ ਦਾ, ਤੁਹਾਡੇ ਬਾਰੇ ਜਾਣਨ ਦਾ ਤੇ ਤੁਹਾਡੇ ਨਾਟਕ ਦੇਖਣ ਦਾ। ਹੁਣ ਵੀ ਮੇਰਾ ਇਕ ਇਨਟਰਿਸਟ (ਦਿਲਚਸਪੀ) ਹੈ ਤੁਹਾਡੇ ਬਾਰੇ ਜਾਨਣ ਦਾ। ਮੈਂ ਇਕ ਚੀਜ਼ ਆਖਰੀ ਇਹ ਪੁੱਛਣੀ ਚਾਹੁੰਦਾ ਬਈ ਜਿੰਨੇ ਵੀ ਇਹ ਸ਼ਹੀਦ ਆ, ਚਲੋ ਆਪਾਂ ਸਾਰੇ ਹੀ ਮੰਨ ਲੈਂਦੇ ਆਂ। ਆਪਾਂ ਸ਼ਹੀਦਾ ਵਿਚ ਨਹੀਂ ਵੰਡੀਆਂ ਪਾਉਣੀਆਂ। ਮਤਲਬ ਜਿਹੜੇ ਵੀ ਸਟੇਟ ਦੀ ਗੋਲੀ ਨਾਲ ਮਰੇ। ਜਾਂ ਜਿਹੜੇ ਵੀ ਸਟੇਟ ਦੀਆਂ ਪੈਦਾ ਕੀਤੀਆਂ ਅੰਤਕਵਾਦੀ ਲਹਿਰਾਂ ਨਾਲ ਮਰੇ...ਮਤਲਬ ਸ਼ਹੀਦ ਤਾਂ ਓਹੀ ਆ ਜਿਹੜਾ ਦੁਸ਼ਮਣ ਦੀ ਗੋਲੀ ਨਾਲ ਮਰਿਆ ਜਾਂ ਜਿਹੜਾ ਦੁਸ਼ਮਣ ਦੀਆਂ ਪੈਦਾ ਕੀਤੀਆਂ ਤਾਕਤਾਂ ਨਾਲ। ਇਨਾਂ ਨੂੰ ਆਪਾਂ ਦਰਅਸਲ ਸਹੀ-ਸਹੀ ਕਿੱਦਾਂ ਯਾਦ ਕਰੀਏ ?

• ਇਨਾਂ ਨੂੰ ਜਦੋਂ ਸ਼ਰਧਾਂਜਲੀ ਦਿਓ ਨਾ, ਇਹੀ ਗੱਲ ਮੇਰੀ ਦੂਜਿਆਂ ਨਾਲ ਸੀ. ਪੀ. ਐਮ. ਵਾਲਿਆਂ ਨਾਲ ਵੀ ਮਤਭੇਦ ਆ ਰਿਹਾ। ਜਦੋਂ ਤੁਸੀਂ ਸ਼ਰਧਾਂਜਲੀ ਦਿੰਦੇ ਓ ਨਾ ਤਾਂ ਦੁਸ਼ਮਣ ਨੂੰ ਮਹਿਸੂਸ ਕਰਕੇ ਦੇਖਦੇ ਓ। ਸ਼ਰਧਾਂਜਲੀ ਦਿੰਦਿਆਂ ਹੋਇਆਂ ਇਹ ਕਰੋ ਕਿ ਬਲਦੇਵ ਮਾਨ ਕਿਉਂ ਸ਼ਹੀਦ ਹੋਇਆ ? ਕਿਉਂ ਉਹਨੇ ਆਪੋਜ਼ (ਵਿਰੋਧ) ਕੀਤਾ ਖਾਲਿਸਤਾਨੀਆਂ ਨੂੰ ? ਗਿਆਨ ਸੰਘਾ ਨੇ ਕਿਉਂ ਕੀਤਾ ? ਉਹ ਵੀ ਚੁੱਪ ਕਰਕੇ ਬਹਿ ਸਕਦਾ ਸੀ। ਬੜੇ ਬਹਿ ਗਏ ਸਨ। ਲੋਕ ਕਹਿੰਦੇ ਵੀ ਸਨ। ਉਹ ਕਾਮਰੇਡੋ ! ਹੁਣ ਚੁੱਪ ਕਰ ਗਏ ਤਾਂ ਜਦੋਂ ਫਿਰ ਅਸੀਂ ਬੋਲਾਂਗੇ ਤਾਂ ਲੋਕ ਕਹਿਣਗੇ-ਉਦੋਂ ਤੁਸੀਂ ਕਿਥੇ ਸੀ ?

? ਹਾਂ ਜੀ।

• ਮੇਰੇ ਤੇ ਜਦ ਵੀ ਗੱਲ ਆਉਦੀ ਏ ਮੈਂ ਇਹੀ ਕਹਿੰਦਾ ਹੁੰਨਾਂ ਕਿ ਉਦੋਂ ਵੀ ਅਸੀਂ ਉਥੇ ਸਾਂ ਤੇ ਹੁਣ ਵੀ ਇਥੇ ਆਂ। ਅਸੀਂ ਉਦੋਂ ਵੀ ਵਕਤ ਨਹੀਂ ਟਪਾਇਆ। ਮੈਨੂੰ ਜੋਗਿੰਦਰ ਕੈਰੋਂ ਦੀ ਯਾਦ ਆਈ ਇਹਨੇ ਕਿਹਾ ਕਿ ਭਾਅ ਜੀ ਸਾਨੂੰ ਤੁਹਾਡਾ ਬੜਾ

ਫਿਕਰ ਰਹਿੰਦਾ। ਇਹ ਗੱਲਾਂ ਨੇ ਪਚਾਸੀ-ਛਿਆਸੀ ਦੀਆਂ। ਮੈਂ ਕਿਹਾ-ਫਿਕਰ ਤਾਂ ਮੈਨੂੰ ਵੀ ਬੜਾ ਏ। ਮੇਰੇ ਬੱਚਿਆਂ ਨੂੰ ਵੀ ਫਿਕਰ ਏ। ਪਰ ਆਪਣੇ ਵਲੋਂ ਪ੍ਰਕਾਸ਼ਨ (ਸਤਰਕਤਾ) ਲਵਾਂਗੇ, ਪਰ ਚੁੱਪ ਨਹੀਂ ਬਹਿ ਸਕਦੇ। ਇਹ ਕਹਿ ਦਈਏ ਬਈ ਅਸੀ ਅਪਰੂਵ (ਜਾਇਜ਼) ਕਰਦੇ ਆਂ। ਇਨਾਂ ਨੂੰ ਜਾਂ ਇਨਾਂ ਦਾ ਰਾਹ ਠੀਕ ਆ, ਇਹ ਅਸੀਂ ਕਹਿ ਸਕਦੇ।

? ਹੁਣ ਸੁਨੇਹਾ ਕਿ ਆਪਾਂ ਦੇ ਸਕਦੇ ਆਂ, ਅੰਤਿਮ ਸੁਨੇਹਾ ?

• ਅੰਤਿਮ ਸੁਨੇਹਾ ਇਹ ਹੈ ਕਿ ਇਹ ਜਿਹੜੀ ਸ਼ੋਸ਼ਲ ਜਸਟਿਸ (ਸਮਾਜਿਕ ਨਿਆਂ) ਦੀ ਲੜਾਈ ਏ, ਇਹ ਇਕ ਸਮੂਹ ਦੀ, ਲੋਕਾਂ ਦੀ ਲੜਾਈ ਬਣਦੀ ਏ। ਲੋਕਾਂ ਦੇ ਵਿਚੋਂ ਜ਼ਰੂਰ ਪਹਿਚਾਣ ਕਰੀਏ, ਕਿਹੜੇ ਲੋਗ ? ਗਰੀਬ ਵਰਗ ਦੇ ਲੋਗਾਂ ਦੇ ਵਾਸਤੇ ਸ਼ੋਸ਼ਲ ਜਸਟਿਸ ਲਿਆਉਣੀ ਆ, ਦੂਜੇ ਜਿਹੜੇ ਸਾਡੇ ਵਰਗੇ ਜਾਂ ਉਤਲੇ ਲੋਕ ਨੇ ਉਹ ਮਦਦਗਾਰ ਹੋਣਗੇ। ਪਰ ਸੰਘਰਸ਼ ਉਨ੍ਹਾਂ ਨੇ ਕਰਨਾ ਹੈ। ਸਾਡੀ ਇਕ ਡਿਊਟੀ ਆਂ ਕਮਿਊਨਿਸਟਾਂ ਦੀ, ਕਮਿਊਨਿਸਟ ਇਨਕਲਾਬੀਆਂ ਦੀ ਕਿ ਲੋਗਾਂ ਨੂੰ ਸ਼ੋਸ਼ਲ ਜਸਟਿਸ ਲਈ ਜਾਗ੍ਰਿਤ ਕਰੀਏ। ਆਪਣੀ ਤਾਕਤ ਤੇ ਸ਼ਕਤੀ ਅਨੁਸਾਰ। ਔਰ ਸ਼ਕਤੀ ਇਕ ਦੂਜੇ ਨੂੰ ਪਛਾੜਨ ਵਿਚ ਜਾਇਆ ਨਾ ਕਰੀਏ। ਇਹ ਅਸੂਲ ਬਣਾ ਲਈਏ। ਤੁਸੀਂ ਐਗਰੀ (ਸਹਿਮਤ) ਨਹੀਂ ਕਰਦੇ, ਕੋਈ ਗੱਲ ਨਹੀਂ। ਉਹ ਜਿਹੜੀ ਇਕ ਸੋਚ ਹੈ ਕਿ ਇਹ ਰੈਵੋਲੂਸ਼ਨਰੀ (ਇਨਕਲਾਬੀ) ਨੇ, ਦੂਜੇ ਸੂਡੋ ਰੈਵੋਲੂਸ਼ਨਰੀ ਤੇ ਤੀਜੇ ਐਂਟੀ ਰੈਵੋਲੂਸ਼ਨਰੀ ਨੇ, ਤੁਸੀਂ ਜਿੰਨਾ ਚਿਰ, ਕੋਈ ਗਦਾਰ ਸੱਪਸ਼ਟ ਨਹੀਂ ਲੈਂਦੇ...ਉਨੀ ਦੇਰ ਆਪਸ ਵਿਚ ਅਨਰਜੀ (ਸ਼ਕਤੀ) ਜਾਇਆ ਨਹੀਂ ਕਰਨੀ।

## ਤੀਸਰੀ ਮੁਲਾਕਾਤ

*ਇਹ ਮੁਲਾਕਾਤ ਗੁਰਸ਼ਰਨ ਭਾਅ ਜੀ ਨਾਲ 27 ਦਸਬੰਰ, 1997 ਨੂੰ ਚੰਡੀਗੜ੍ਹ ਵਿਚ ਉਨ੍ਹਾਂ ਦੇ ਗ੍ਰਹਿ ਸਥਾਨ (1245, 43-ਬੀ) ਵਿਖੇ ਰਿਕਾਰਡ ਕੀਤੀ ਗਈ ਸੀ। ਉਸ ਸਮੇਂ ਉਨ੍ਹਾਂ ਦੇ ਨਾਟਕਾਂ ਨੂੰ ਲੈ ਕੇ ਨਾਟਕਾਂ ਉਤੇ ਪਾਬੰਦੀ ਲਾਉਣ ਲਈ ਗੁਰਚਰਨ ਸਿੰਘ ਟੌਹੜਾ ਦੀਆਂ ਧਮਕੀਆਂ ਨੂੰ ਲੈ ਕੇ ਕਾਫ਼ੀ ਚਰਚਾ ਛਿੜੀ ਹੋਈ ਸੀ। ਇਸ ਮੁਲਾਕਾਤ ਤੋਂ ਇਕ ਦਿਨ ਪਹਿਲਾਂ, 26 ਦਸੰਬਰ ਨੂੰ ਚੰਡੀਗੜ੍ਹ ਦੇ ਕਿਸਾਨ ਭਵਨ ਦੇ ਕੈਰੋਂ ਹਾਲ ਵਿਚ ਅਗਾਂਹਵਧੂ ਜਨਵਾਦੀ ਸਾਹਿਤਕ-ਸਭਿਆਚਾਰਕ ਜਥੇਬੰਦੀਆਂ ਵਲੋਂ ਸੂਬਾ ਪੱਧਰੀ ਕੈਨਵੈਨਸ਼ਨ ਕੀਤੀ ਗਈ ਸੀ। ਜਿਸ ਵਿਚ ਪੰਜਾਬ ਅਤੇ ਚੰਡੀਗੜ੍ਹ ਦੇ ਲੇਖਕਾਂ ਰੰਗਕਰਮੀਆਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ ਅਤੇ ਗੁਰਸ਼ਰਨ ਸਿੰਘ ਵਲੋਂ 40 ਸਾਲਾਂ ਤੋਂ ਸਮਾਜਿਕ ਬੇਇਨਸਾਫ਼ੀ*

*ਵਿਰੁਧ ਚਲਾਏ ਜਾ ਰਹੇ ਸੰਘਰਸ਼ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ ਗਿਆ ਸੀ।*

? ਹਾਂ, ਭਾਅ ਜੀ, ਅਸੀਂ ਇਹ ਜਾਣਦੇ ਹਾਂ ਕਿ ਤੁਸੀਂ ਇਕ ਮਕਸਦ ਨੂੰ ਲੈ ਕੇ ਨਾਟਕ ਲਿਖਦੇ ਹੋ ਅਤੇ ਖੇਡਦੇ ਹੋ। ਨਾਟਕ ਹੀ ਨਹੀਂ ਤੁਸੀਂ ਜ਼ਿੰਦਗੀ ਵਿਚ ਜੋ ਕੰਮ ਵੀ ਕੀਤਾ ਹੈ, ਜਿਵੇਂ ਪਰਚੇ ਵੀ ਕੱਢੇ ਹਨ, ਕਿਤਾਬਾਂ ਵੀ ਛਾਪੀਆਂ, ਤੁਸੀਂ ਬਾਹਰ ਵੀ ਗਏ ਹੋ, ਦੂਜੇ ਦੇਸ਼ਾਂ 'ਚ ਨਾਟਕ ਕਰਨ, ਮਤਲਬ ਆਪਣੇ ਇਸ ਮਕਸਦ ਨੂੰ ਆਪਣੇ ਸ਼ਬਦਾਂ ਵਿਚ ਕਿੱਦਾਂ ਕਹਿਣਾ ਚਾਹੋਗੇ ?

• ਦੇਖੋ, ਜਦੋਂ ਦਾ ਮੈਂ ਸਾਹਿਤ ਦੇ ਖੇਤਰ ਵਿਚ ਜਾਂ ਨਾਟਕ ਦੇ ਖੇਤਰ ਵਿਚ ਆਇਆ ਹਾਂ, ਮੇਰਾ ਇਕ ਵੱਡਾ ਫਿਕਰ ਇਹ ਹੈ ਕਿ ਪੰਜਾਬ ਦੇ ਸਮਾਜ ਨੂੰ ਇਕ ਚੰਗਾ ਸਮਾਜ ਬਣਾਈਏ, ਜਿਹਦੇ ਬਰਾਬਰਤਾ ਹੋਵੇ, ਜਿਹਦੇ ਵਿਚ ਸਾਰੇ ਲੋਕਾਂ ਨੂੰ ਚੰਗਾ ਜਿਊਣ ਦਾ ਹੱਕ ਹੋਵੇ, ਅੱਗੇ ਵੱਧਣ ਦਾ ਬਰਾਬਰ ਹੱਕ ਹੋਵੇ। ਇਹ ਫਿਕਰ ਮੈਂ ਆਪਣੇ ਨਾਟਕਾਂ ਵਿਚ ਵੀ ਦਸਣਾ। ਤੇ ਇਹ ਜਿਹੜੀਆਂ ਰੋਜ਼-ਰੋਜ਼ ਦੀਆਂ ਘਟਨਾਵਾਂ ਵਾਪਰਦੀਆਂ ਹਨ, ਪੰਜਾਬ ਦੇ ਵਿਚ ਜਾਂ ਹਿੰਦੁਸਤਾਨ ਦੇ ਵਿਚ ਜੋ ਕੁਝ ਵਾਪਰ ਰਿਹਾ ਹੈ, ਉਹਦੇ ਬਾਰੇ ਆਪਣੇ ਨਾਅਕ ਦੇ ਵਿਚ ਮੈਂ ਜ਼ਰੂਰ ਟਿੱਪਣੀ ਕਰਦਾ ਹਾਂ।

? ਮਤਲਬ ਤੁਸੀਂ ਇਹ ਸਮਝਦੇ ਹੋ ਕਿ ਰਾਜਨੀਤਿਕ ਮਸਲਿਆਂ 'ਤੇ ਵੀ ਨਾਟਕ ਜਾਂ ਹੋਰ ਸਾਹਿਤ ਰਚਿਆ ਜਾ ਸਕਦਾ ਹੈ ?

• ਮੈਂ ਇਹ ਸਮਝਦਾ ਹਾਂ ਕਿ ਦੂਜੇ ਨਾਟਕਕਾਰ ਤਾਂ ਸ਼ਾਇਦ ਇਹ ਕਹਿੰਦੇ ਹੋਵਣ ਕਿ ਉਨ੍ਹਾਂ ਦਾ ਸਿਆਸਤ ਨਾਲ ਕੋਈ ਤਾਅਲੁਕ ਨਹੀਂ ਪਰ ਮੈਂ ਤੇ ਪੂਰੀ ਤਰ੍ਹਾਂ ਕਹਿੰਦਾ ਹਾਂ ਮੇਰੀ ਸਾਰੀ ਜਿਹੜੀ ਸਿਰਜਣਾਤਮਕ ਸਰਗਰਮੀ ਹੈ, ਉਹਦਾ ਸਿਆਸਤ ਨਾਲ ਬਹੁਤ ਭਾਰੀ ਤਾਅਲੁਕ ਹੈ ਔਰ ਮੈਂ ਇਹ ਜਾਣਨਾ ਹਾਂ ਕਿ ਸਿਆਸਤ ਤੋਂ ਬਿਨਾਂ ਕੋਈ ਸਮਾਜ ਨਹੀਂ ਬਦਲਦਾ। ਇਸ ਕਰਕੇ ਮੈਂ ਨਾਟਕ ਵੀ ਜੋ ਲਿਖਦਾ ਹਾਂ ਜਾਂ ਮੈਂ ਜਦੋਂ ਆਪਣੇ ਪਰਚੇ ਵੀ ਕੱਢਦਾ ਰਿਹਾ ਹਾਂ 'ਸਰਦਲ' ਤੇ 'ਸਮਤਾ' ਤਾਂ ਮੈਂ ਇਸ ਮਤਲਬ ਲਈ ਕੱਢਦਾ ਰਿਹਾ ਕਿ ਇਸ ਸਮਾਜ ਨੂੰ ਬਦਲਣਾ ਹੈ। ਔਰ ਇਸ ਸਮਾਜ ਨੂੰ ਬਦਲਣ ਵਾਸਤੇ ਜਿਹੜੀ ਸਿਆਸੀ ਚੇਤਨਾ ਚਾਹੀਦੀ ਹੈ, ਉਸਦਾ ਵਿਕਾਸ ਕਰਨਾ ਬੜਾ ਜ਼ਰੂਰੀ ਹੈ।

ਹੋਰ ਮੇਰਾ ਕੋਈ ਮਕਸਦ ਲਹੀਂ ਹੈ, ਜੇ ਕਹੋ ਕਿ ਮੈਂ ਨਾਟਕ ਲਿਖਣ ਵਾਸਤੇ ਨਾਟਕ ਲਿਖਦਾ ਹਾਂ, ਤਾਂ ਉਹ ਮੇਰਾ ਕੋਈ ਮਕਸਦ ਨਹੀਂ ਹੈ। ਔਰ ਮੇਰੀ ਜੋ ਇਸ ਬਾਰੇ ਕਰਿਟੀਸੀਜ਼ਮ ਕਰੀ ਜਾਂਦੇ ਨੇ ਲੋਕ, ਮੈਂ ਉਸ ਕਰਿਟੀਸੀਜ਼ਮ ਨੂੰ ਮੰਨਦਾ ਹਾਂ ਕਿ ਮੈਂ ਨਾਟਕ ਇਕ ਵਿਸ਼ੇਸ਼ ਕਿਸਮ ਦੀ ਸਿਆਸਤ ਦੇ ਨਜ਼ਰੀਏ ਤੋਂ ਲਿਖਦਾ ਹਾਂ। ਜਿਹਨੂੰ ਮੈਂ ਮਾਨਵਤਾ ਦੀ ਸਾਰਿਆਂ ਨਾਲੋਂ ਵੱਡੀ ਸਿਆਸਤ ਸਮਝਦਾ ਹਾਂ ਕਿ ਬਰਾਬਰਤਾ ਵਾਲਾ ਸਮਾਜ ਕਿੰਝ ਬਣਾਉਣਾ ਹੈ। ਮੈਨੂੰ ਪਤਾ ਹੈ ਕਿ ਇਹ ਲਿਟਰੇਚਰ ਅਤੇ ਨਾਟਕ ਇਕ ਚੇਤਨਾ ਵਾਸਤੇ ਮਦਦ ਦੇਂਦੇ ਹਨ। ਪਹਿਲਾਂ ਨਿਸ਼ਾਨਾ ਤਾਂ ਇਹ

ਹੈ ਕਿ ਸਮਾਜ ਨੂੰ ਬਦਲਣਾ ਹੈ ਔਰ ਸਮਾਜ ਨੇ ਬਦਲਣਾ, ਸਿਆਸੀ ਸਰਗਰਮੀ ਤੋਂ ਬਿਨਾਂ, ਨਾ ਕਿਸੇ ਸਿਆਸੀ ਪਾਰਟੀ ਤੋਂ ਬਿਨਾਂ ਬਦਲ ਸਕਦਾ ਹੈ ਸਮਾਜ।

? ਹਾਂ ਜੀ। ਇਹ ਭਾਅ ਜੀ ਜਿਹੜੀ ਆਮ ਜੀਵਨ ਵਿਚ ਆਮ ਲੋਕਾਂ ਦੀ ਸਟਰਗਲ ਹੈ, ਮਤਲਬ ਤੁਸੀਂ ਉਸ ਸਟਰਗਲ ਦੇ ਪੱਖ ਵਿਚ ਖੜੋ ਕੇ ਨਾਟਕ ਲਿਖਦੇ ਹੋ, ਕਰਦੇ ਹੋ ?

• ਮੈਂ ਅਗਰ ਆਪਣੀ ਜ਼ਿੰਦਗੀ ਵੇਖਾ ਤਾਂ ਮੈਂ ਇਹ ਵੀ ਬਿਲਕੁਲ ਸਪੱਸ਼ਟ ਤਰੀਕੇ ਨਾਲ ਕਹਿ ਸਕਦਾ ਹਾਂ ਕਿ ਮੈਂ ਇਕ ਰੱਜੇ-ਪੁੱਜੇ ਘਰ ਵਿਚੋਂ ਹਾਂ, ਜਦੋਂ ਦਾ ਮੈਂ ਪੈਦਾ ਹੋਇਆ ਹਾਂ ਮੇਰੀ ਉਮਰ 70 ਸਾਲ ਦੇ ਨੇੜੇ-ਤੇੜੇ ਪਹੁੰਚ ਚਲੀ ਹੈ, ਮੈਂ ਜ਼ਿੰਦਗੀ ਦੇ ਵਿਚ ਕੋਈ ਵੀ ਤਕਲੀਫ ਨਹੀਂ ਵੇਖੀ ਜਾਂ ਥੁੜ ਨਹੀਂ ਵੇਖੀ।

? ਆਰਥਿਕ ਥੁੜ।

• ਹਾਂ ਜੀ। ਆਰਥਿਕ ਥੁੜ। ਸਾਡੇ ਮਾਂ ਬਾਪ ਵਲੋਂ ਸਾਨੂੰ ਪੂਰੀ ਤਰ੍ਹਾਂ ਇਜ਼ਾਜਤ ਸੀ ਔਰ ਹਰ ਇਕ ਸਹੂਲਤ ਸੀ, ਜਿੰਨੀ ਵੱਧ ਤੋਂ ਵੱਧ ਪੜ੍ਹਾਈ ਪੜ੍ਹ ਸਕਦੇ ਹਾਂ ਉਹ ਪੜ੍ਹੀਏ। ਜੋ ਕੁਝ ਵੀ ਵੱਧ ਤੋਂ ਵੱਧ ਕਰ ਸਕਦੇ ਹਾਂ ਉਹ ਹਰ ਕਿਸਮ ਦੀ ਸਹੂਲਤ ਸੀ। ਔਰ ਇਸੇ ਸਹੂਲਤ ਨੇ ਦੱਸਿਆ ਕਿ ਜਿਹੜੇ ਥੁੜੇ ਹੋਏ ਲੋਕ ਨੇ, ਜਿਹੜੇ ਸਹੂਲਤਾਂ ਨਾ ਹੋਣ ਕਰਕੇ ਅੱਗੇ ਨਹੀਂ ਵੱਧ ਸਕੇ, ਇਹ ਮੇਰੇ ਤਜ਼ਰਬੇ ਨੇ ਮੈਂ ਕਿਧਰੇ ਵੀ ਨਾਟਕ ਕਰਾਂ ਤਾਂ ਨਾਟਕ ਦੇ ਇੰਟਰੋਡਕਸ਼ਨ ਵਿਚ ਵੀ ਬੋਲਦਾ ਹਾਂ ਕਿ ਨਿਸ਼ਾਨੇ ਮੇਰੇ ਇਹ ਨੇ ਕਿ ਜਿਹੜਾ ਇਸ ਧਰਤੀ 'ਤੇ ਬੰਦਾ ਪੈਦਾ ਹੁੰਦਾ ਉਸਨੂੰ ਬਰਾਬਰ ਦੀ ਪੜ੍ਹਾਈ ਔਰ ਬਰਾਬਰ ਦੇ ਵੱਧਣ ਦੇ ਸਾਧਨ ਮਿਲਣੇ ਚਾਹੀਦੇ ਹਨ।

ਜਿਸ ਤਰ੍ਹਾਂ ਮੇਰੇ 'ਤੇ ਕੱਲ ਵੀ ਪ੍ਰਸ਼ਨ ਹੋਇਆ। ਮੈਂ ਪੰਜਾਬੀ ਸੰਗੀਤ ਨਾਟਕਅਕੈਡਮੀ ਦਾ ਪ੍ਰਧਾਨ ਰਿਹਾ ਹਾਂ, ਮੈਂ ਭਾਖੜਾ ਡੈਮ ਦਾ ਵੱਡਾ ਇੰਜੀਨੀਅਰ ਰਿਹਾ ਹਾਂ। ਇਹ ਸਭ ਸਟੇਟ ਔਰਗੇਨਾਈਜੇਸ਼ਨਾਂ ਨੇ। ਇਸੇ ਤਰ੍ਹਾਂ ਦੂਰਦਰਸ਼ਨ 'ਤੇ ਮੈਂ ਨਾਟਕ ਕੀਤੇ ਨੇ ਇਹ ਸਟੇਟ ਔਰਗਨਾਈਜੇਸ਼ਨਾਂ ਨੇ। ਮਤਲਬ ਅੱਜ ਸਟੇਟ ਤੇ ਉਹ ਸਟੇਟ ਨਹੀਂ ਹੈ ਕਿ ਰਾਜਿਆਂ, ਮਹਾਰਾਜਿਆਂ ਦੀਆਂ ਸਟੇਟਾਂ ਨੇ, ਅੱਜ ਇਹ ਡੈਮੋਕਰੇਟਿਕ ਸਟੇਟ ਨੇ। ਸਟੇਟ ਨੂੰ ਕੌਣ ਰੂਲ ਕਰ ਰਿਹਾ। ਇਕ ਜਮਾਤ ਰੂਲਕਰ ਰਹੀ ਹੈ। ਪਰ ਜ਼ਰੂਰੀ ਨਹੀਂ ਕਿ ਇਸ ਜਮਾਤ ਨੇ ਜਿੰਨੇ ਸਾਰੇ ਮੈਂਬਰ ਨੇ,...ਇਹ ਹੁਣ ਬੜੀ ਬਹਿਸ ਵਾਲਾ ਪੁਆਇੰਟ ਹੈ ਕਿ ਅੱਜ ਦੀ ਡੈਮੋਕਰੇਟਕ ਸਟੇਟ ਉਹ ਨਹੀਂ ਕਿ ਬਿਲਕੁਲ ਐਂਟੀ ਪਿਊਪਲ ਹੈ। ਇਸ ਸਟੇਟ ਨੂੰ ਪਰੋ ਪਿਊਪਲ ਕਾਰਵਾਈਆਂ ਕਰਨੀਆਂ ਪੈਣਗੀਆਂ। ਨਹੀਂ ਤਾਂ ਇਹ ਠਹਿਰ ਨਹੀਂ ਸਕਦੀ।

? ਹਾਂ ਜੀ, ਭਾਅ ਜੀ ਮੈਂ ਇਹ ਸਵਾਲ ਕਰ ਰਿਹਾ ਸੀ ਕਿ ਜਿਹੜੀ ਲੋਕਾਂ ਦੀ ਸਟਰਗਲ ਹੈ ਅੱਲਗ-ਅੱਲਗ ਪੱਧਰ ਦੀ ਹੈ। ਕਈ ਜਗ੍ਹਾ ਅੱਗੇ ਹੈ। ਕਈ ਜਗ੍ਹਾ ਪਿਛੇ ਹੈ। ਕਈ ਫਾਰਮਾਂ ਵਿਚ ਹੈ। ਜਿਵੇਂ ਤੁਸੀਂ ਵੀ ਇਕ ਸਟਰਗਲ 40 ਸਾਲ ਤੋਂ ਕਰ ਰਹੇ ਹੋ ਨਾਟਕ ਦੇ ਰੂਪ ਵਿਚ ਜਗ੍ਹਾ-ਜਗ੍ਹਾਂ ਖੇਡ ਕੇ ਸਾਹਿਤ ਦੇ ਰੂਪ ਸਾਹਿਤ ਦੇ ਰੂਪ

ਵਿਚ ਇਹਦੀ ਇਕ ਨਿਸ਼ਚਿਤ ਦਿਸ਼ਾ ਤਾਂ ਹੈਗੀ ਹੈ। ਇਹ ਕਿਸੇ ਦੇ ਖਿਲਾਫ਼ ਤਾਂ ਹੈਗੀ ਹੈ। ਕਿਹੜੇ ਖਿਲਾਫ਼ ਇਹ ਸੇਧਿਤ ਹੈ ?

• ਹਾਂ ਉਹ ਫੋਰਸਿਸ ਉਹ ਨੇ ਜਿਹੜੀਆਂ ਇਸ ਸਿਸਟਮ ਨੂੰ ਕਾਇਮ ਰੱਖਣਾ ਚਾਹੁੰਦੀਆਂ ਨੇ, ਉਹ ਇਹ ਸਮਝਦੀਆਂ ਨੇ ਕਿ ਇਹਦੇ ਵਿਚ ਪਰਿਵਲਿਜ਼ਡ ਲੋਕ ਨੇ, ਖਾਂਦੇ ਪੀਂਦੇ ਲੋਕ ਨੇ, ਉਹ ਖਾਂਦੇ ਪੀਂਦੇ ਹੀ ਰਹਿਣਗੇ। ਜਿਸ ਤਰ੍ਹਾਂ ਉਨ੍ਹਾਂ ਦੀ ਕਿਸਮਤ ਹੈ। ਤੇ ਜਿਹੜੇ ਗਰੀਬ ਲੋਕ ਨੇ, ਥੁੜੇ ਲੋਕ ਨੇ, ਇਹ ਥੁੜੇ ਰਹਿਣਗੇ। ਯਾਨੀ ਮੇਰੀ ਜਿਹੜੀ ਕੋਸ਼ਿਸ਼ ਹੈ ਕਿ ਜਿਹੜੇ ਇਹ ਥੁੜੇ ਲੋਕ ਨੇ, ਇਹਨਾਂ ਨੂੰ ਜਾਗ੍ਰਿਤ ਕੀਤਾ ਜਾਏ ਕਿ ਤੁਸੀਂ ਥੁੜੇ ਇਸ ਕਰਕੇ ਹੋ ਕਿ ਸਿਸਟਮ ਗਲਤ ਚਲਦਾ ਹੈ। ਇਸ ਸਿਸਟਮ ਦੀ ਤੋੜ ਫੋੜ ਕਰਨੀ ਹੈ ਜਾਂ ਬਦਲਣਾ ਹੈ। ਇਹਦੇ ਲਈ ਤੁਸੀਂ ਆਪਣੀ ਤਾਕਤ ਵੇਖਣੀ ਏ। ਕਈ ਤਰੀਕੇ ਨੇ ਆਪਣੇ ਆਪ ਨੂੰ ਕਿਵੇਂ ਔਰਗਨਾਈਜ਼ ਕਰਨਾ ਹੈ। ਦੁਸ਼ਮਣ ਕਿਥੇ ਕੌਣ ਹੈ ? ਇਥੇ ਇਹ ਤੇ ਹੈ ਨਹੀਂ ਕਿ ਰੋਜ਼ ਵਜ਼ੀਰ ਹੀ ਬਦਲਣੇ ਨੇ। ਦੁਸ਼ਮਣ ਜਿਹੜਾ ਹੈ ਇਹ ਇਕ ਸਿਸਟਮ ਹੈ ਜੋ ਚਲ ਰਿਹਾ ਹੈ, ਇਹੀ ਇਕ ਦੁਸ਼ਮਣ ਹੈ।

? ਹਾਂ ਜੀ, ਭਾਅ ਜੀ ਇਹੀ ਮੇਰਾ ਸਵਾਲ ਸੀ। ਹੁਣ ਦੇਖੋ। ਜਿਹੜਾ ਇਹ ਨਾਟਕ ਹੈ, ਜਿਹਨੂੰ ਲੈ ਕੇ ਅੱਜ ਕੱਲ੍ਹ ਇਹ ਚਰਚਾ ਚਲ ਰਹੀ ਹੈ, 'ਇਕ ਕੁਰਸੀ, ਇਕ ਮੋਰਚਾ ਤੇ ਹਵਾ ਵਿਚ ਲਟਕਦੇ ਲੋਕ' ਇਸ ਨਾਟਕ ਦੀ ਵੀ ਦਿਸ਼ਾ ਵੇਖੋ, ਸਪੱਸ਼ਟ ਹੈ ਕਿ ਜਿਹੜੀ ਰਾਜਨੀਤਿਕ ਬੇਈਮਾਨੀ ਹੈ, ਲੋਕਾਂ ਦਾ ਧਿਆਨ ਉਨ੍ਹਾਂ ਦੇ ਮਸਲਿਆਂ ਤੋਂ ਹਟਾਉਣਾ ਦੀ, ਉਨ੍ਹਾਂ ਵੱਲ ਸਿੱਧਾ ਸੇਧਿਤ ਕੋਲ ਕੋਈ ਹੱਲ ਹੈ।

• ਠੀਕ ਹੈ। ਮੈਂ ਪੰਜਾਬ ਵਿਚ ਨਾਟਕ ਕਰਦਾ ਹਾਂ, ਪੰਜਾਬ ਵਿਚ ਹੀ ਰਹਿ ਕੇ ਲਿਖਦਾ ਹਾਂ। ਮੈਂ ਜਾਣਦਾ ਹਾਂ ਕਿ ਮੈਂ ਜਦੋਂ 1982 ਵਿਚ ਇਕ ਨਾਟਕ ਲਿਖਿਆ ਤਾਂ ਦਰਬਾਰਾ ਸਿੰਘ ਦੀ ਹਕੂਮਤ ਸੀ ਤੇ ਦੂਜੇ ਪਾਸੇ ਅਕਾਲੀਆਂ ਦਾ ਧਰਮਯੁੱਧ ਮੋਰਚਾ ਸੀ। ਮੈਂ ਇਨਾਂ ਦੋਵਾ ਨੂੰ ਸਮਝਦਾ ਸਾਂ ਕਿ ਜਿਹੜੇ ਸਰਕਾਰ ਚਲਾਉਂਦੇ ਪਏ ਨੇ ਨਾ ਇਨਾਂ ਕੋਲ ਕੋਈ ਹਲ ਹੈ ਤੇ ਨਾ ਹੀ ਮੋਰਚੇ ਕੋਲ ਕੋਈ ਹੱਲ ਹੈ।

? ਆਪਾਂ ਗੱਲ ਹੋਰ ਕਲੀਅਰ ਕਰ ਲਈਏ ਮੋਰਚਾ ਤਾਂ ਉਦੋਂ ਇਹ ਅਕਾਲੀ ਦਲ ਹੀ ਚਲਾ ਰਿਹਾ ਸੀ। ਮੇਰਾ ਖਿਆਲ ਹੈ ਉਦੋਂ ਤਕ ਭਿੰਡਰਾਂਵਾਲਾ ਉਹਦੇ ਵਿਚ ਸ਼ਾਮਲ ਨਹੀਂ ਹੋਇਆ ਸੀ ?

• ਭਿੰਡਰਾਂਵਾਲਾ ਉਂਜ ਆ ਗਿਆ ਸੀ, ਮੰਜੀ ਸਾਹਿਬ ਵਿਚ ਦੀਵਾਨ ਲੱਗਣਾ ਸ਼ੁਰੂ ਹੋ ਗਿਆ ਸੀ। ਉਹ ਵਲੰਟੀਅਰ ਭੇਜਦੇ ਸਨ ਦੀਵਾਨ ਲੱਗਦੇ ਸਨ।

? ਹੁਣ ਜਿਹੜਾ 25 ਦਸੰਬਰ ਨੂੰ ਸਿੱਖ ਬੁਧੀਜੀਵੀ ਕਨਵੈਨਸ਼ਨ ਵਿਚ ਕਿਸੇ ਨੇ ਕਿਹਾ ਹੈ ਕਿ ਗੁਰਸ਼ਰਨ ਸਿੰਘ ਦਾ ਇਹ ਡਰਾਮਾ। ਭਿੰਡਰਾਂਵਾਲੇ ਨੂੰ ਅਤੇ ਬੇਅੰਤ ਸਿੰਘ ਦੋਨਾਂ ਨੂੰ ਟਾਰਗਟ ਕਰਦਾ ਹੈ। ਮਤਲਬ ਦੋਨਾਂ ਨੂੰ ਇਕੋ ਥਾਂ ਰੱਖਦਾ ਹੈ।

• ਬੇਅੰਤ ਸਿੰਘ ਉਤੇ ਨਹੀਂ, ਦਰਬਾਰ ਸਾਹਿਬ 'ਤੇ। ਉਸ ਵੇਲੇ ਭਿੰਡਰਾਂਵਾਲੇ ਦੇ ਨਾਲ

ਇਹ ਸਾਰੇ ਹੈ ਸਨ। ਟੌਹੜਾ ਹੋਰੀਂ ਆਪ ਦੀਵਾਨ ਲਗਾਉਂਦੇ ਸਨ। ਭਿੰਡਰਾਂਵਾਲਾ ਵੀ ਇਕ ਸੀ। ਇਹ ਪੰਜ ਲੀਡਰ ਸਨ। ਲੌਂਗੋਵਾਲ ਵੀ ਲੀਡਰ ਸੀ, ਭਿੰਡਰਾਂਵਾਲਾ ਵੀ ਲੀਡਰ ਸੀ, ਗੁ: ਪ੍ਰੰ: ਕਮੇਟੀ ਦਾ ਪ੍ਰਧਾਨ ਟੌਹੜਾ ਆਪ ਵੀ। ਖ਼ੈਰ ਉਸ ਟਾਈਮ ਮੈਂ ਵੇਖਿਆ, ਮੈਂ ਵੀ ਅੰਮ੍ਰਿਤਸਰ ਸਾਂ, ਬਾਦਲ ਦੀਵਾਨ ਦੇ ਵਿਚ ਕੋਈ ਖਾਸ ਨਹੀਂ ਆਉਂਦਾ ਸੀ। ਇਹ ਜਿਹੜਾ ਮੋਰਚਾ ਸੀ, 'ਧਰਮਯੁੱਧ ਮੋਰਚਾ', ਬਕਾਇਦਾ ਅਕਾਲੀ ਦਲ ਦਾ ਸੀ। ਲੌਂਗੋਵਾਲ ਉਸ ਵੇਲੇ ਪ੍ਰਧਾਨ ਸੀ। ਇਹ ਭਿੰਡਰਾਂਵਾਲਾ ਉਦੋਂ ਹਾਲੀ ਖਾਲਿਸਤਾਨ ਵਾਲਾ ਨਹੀਂ ਸੀ।

? ਮਤਲਬ ਇਥੇ ਤੁਸੀਂ ਜਦੋਂ ਗੱਲ ਕਰਦੇ ਹੋ ਇਸ ਨਾਟਕ ਵਿਚ, ਜਿਹੜੀਆਂ ਅਕਾਲੀ ਦਲ ਦੀਆਂ ਟਰਡੀਸ਼ਨਲ ਫੋਰਸਜ਼ ਹਨ, ਉਨ੍ਹਾਂ ਦੇ ਵਿਰੁਧ ਸੇਧਿਤ ਹੈ?

• ਹਾਂ, ਉਦੋਂ ਭਿੰਡਰਾਂਵਾਲਾ ਵੀ ਇਨਾਂ ਨਲ ਹੀ ਸੀ, ਇਹ ਤਾਂ ਬਾਅਦ ਵਿਚ ਆਇਆ, ਦਿੱਲੀ ਦੀ ਬਾਹਮਣੀ ਦੇ ਖਿਲਾਫ਼। ਪਹਿਲਾਂ ਤਾਂ ਅਕਾਲੀ ਦਲ ਦਾ ਮੋਰਚਾ ਸੀ। ਲੌਂਗੋਵਾਲ ਬੋਲਦਾ ਸੀ ਦਿੱਲੀ ਸਰਕਾਰ, ਭਿੰਡਰਾਂਵਾਲਾ ਬੋਲਦਾ ਸੀ ਦਿੱਲੀ ਦੀ ਬਾਹਮਣੀ। ਇਹ ਫਰਕ ਦੋਵਾਂ ਵਿਚ ਹੈ ਸਲ। ਜਿਵੇਂ ਅੱਜ ਕਹੋ ਕਿ ਅਕਾਲੀ ਦਲ ਵਿਚ ਬਾਦਲ ਵੀ ਹੈ ਤੇ ਮਾਣ ਵੀ ਹੈ। ਦੋਵਾਂ ਟੋਨਜ਼ ਵੱਖਰੀਆਂ ਹਨ ਪਰ ਪਾਲਟਿਕਸ ਤਾਂ ਇਕੋ ਹੀ ਹੈ ਨਾ।

? ਮਤਲਬ ਤੁਹਾਡੇ ਨਾਟਕ ਵਿਚ ਇੱਦਾਂ ਦੀ ਕੋਈ ਥੀਮ ਨਿਕਲਦੀ ਹੈ ਜਾਂ ਕੱਢੀ ਜਾ ਸਕਦੀ ਹੈ ਕਿ ਟੌਹੜਾ ਜਿਹੜਾ ਹੈ ਸਿੱਖ ਕਮਿਊਨਿਟੀ ਨੂੰ ਬਿਟਰੇਅ ਕਰ ਰਿਹਾ ਹੈ...ਕੁਝ ਇੱਦਾ ਹੈ ਉਹਦੇ ਵਿਚ...?

• ਨਹੀਂ ਮੈਂ ਉਹਦੇ ਵਿਚ ਲੋਕਾਂ ਨੂੰ ਲੈ ਆਇਆ ਹਾਂ। ਪੰਜਾਬ ਦੇ ਸਮੁੱਚੇ ਲੋਕ। ਪਹਿਲੇ ਉਹਦੇ ਵਿਚ ਆਉਂਦੀ ਹੈ ਕਿ ਇਕ ਪਾਸੇ ਦਰਬਾਰਾ ਸਿੰਘ ਹੈ, ਇਕ ਪਾਸੇ ਅਕਾਲੀ ਲਿਡਰਸ਼ਿਪ ਹੈ, ਜਿਹੜਾ ਬੰਦਾ ਆਉਂਦਾ ਹੈ ਉਹ ਹੈ ਬੇਰੁਜ਼ਗਾਰ ਨੌਜਵਾਨ। ਦੂਜਾ ਜਿਹੜਾ ਬੰਦਾ ਆਉਂਦਾ ਹੈ ਉਹ ਛਾਂਟੀ ਕੀਤਾ ਮਜ਼ਦੂਰ ਹੈ। ਤੀਜਾ ਜਿਹੜਾ ਆਉਂਦਾ ਹੈ ਉਹ ਔਰਤ ਜਿਹਦੀ ਧੀ ਦੀ ਪੱਤ ਲੁੱਟੀ ਗਈ ਹੈ। ਚੌਥਾ ਆਉਂਦਾ ਹੈ ਕਿਸਾਨ। ਪੰਜਵਾਂ ਆਉਂਦਾ ਹੈ ਜਦੋਂ ਢਿੱਲਵਾਂ ਦੇ ਵਿਚ ਬੱਸ ਕਾਂਡ ਹੋ ਗਿਆ, ਜਦੋਂ ਹਿੰਦੂ ਕੱਢ ਕੇ ਮਾਰੇ ਗਏ। ਇਹ ਪੰਜ ਜਾਣੇ ਨੇ। ਇਹ ਆਮ ਲੋਕ ਨੇ। ਉਹ ਸਰਕਾਰ ਨੂੰ ਕਹਿ ਰਹੇ ਹਨ ਤੇ ਮੋਰਚੇ ਨੂੰ ਵੀ ਕਹਿ ਰਹੇ ਹਨ ਕਿ ਜੇ ਤੁਹਾਡਾ ਮੋਰਚਾ ਕਾਮਯਾਬ ਹੋ ਗਿਆ ਤਾਂ ਪਹਿਲਾਂ ਕਹਿੰਦਾ ਹੈ ਕਿ ਮੈਨੂੰ ਨੌਕਰੀ ਮਿਲ ਜਾਏਤਾਂ ਉਹ ਕਹਿੰਦਾ ਹੈ ਮੈਂ ਨਹੀਂ ਕਹਿ ਸਕਦਾ, ਮੈਂ ਤੈਨੂੰ ਭਾਣਾ ਮੰਨਣਾ ਸਿਖਾ ਦਿਆਂਗਾ। ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜੇ ਪੰਜਾਬ ਦੇ ਵਿਚ ਦੋਨੋਂ ਸਨ। ਕਾਂਗਰਸ ਅਤੇ ਅਕਾਲੀ ਦਲ, ਇਨਾਂ ਕੋਲ ਲੋਕਾਂ ਦੇ ਮਸਲੇ ਹੱਲ ਕਰਨ ਦਾ ਕੋਈ ਪ੍ਰੋਗਰਾਮ ਨਹੀਂ ਹੈ। ਔਰ ਫਿਰ ਅੱਗੇ ਮੇਰੀ ਕਲਾਸ ਅਨੈਲੇਸਿਜ਼ ਕਹਿੰਦੇ ਹੈ ਕਿ ਦੋਵੇ ਇਕੋ ਜਮਾਤ ਨੂੰ ਰੀਪਰਜੈਂਟ ਕਰਦੇ ਨੇ। ਰੂਪ ਇਨਾਂ ਦੇ ਦੋ ਨੇ ਪਰ ਹੈ ਇਹ ਪੱਗ

ਵੱਟ ਭਰਾ ਨੇ।

? ਜਮਾਤ ਦੀ ਪ੍ਰਤੀਨਿੱਧਤਾ ਕਰਦੇ ਹਨ ਨਾਂ ਕਿ ਕਿਸੇ ਕਮਿਊਨਿਟੀ ਦੀ, ਜਿੱਦਾਂ ਟੌਹੜਾ ਇਸ ਨੂੰ ਪੇਸ਼ ਕਰ ਰਿਹਾ ਹੈ ਕਿ ਇਹ ਸਿੱਖ ਕਮਿਊਨਿਟੀ ਦੇ ਵਿਰੁਧ ਹੈ ?

• ਸਿੱਖ ਕਮਿਊਨਿਟੀ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ, ਟੌਹੜੇ ਹੁਣਾਂ ਦੀ ਤਾਂ ਗਲਤੀ ਹੀ ਇਹ ਹੈ ਨਾ, ਉਹ ਕਹਿੰਦੇ ਹਨ ਕਿ ਅਸੀਂ ਹੀ ਸਿੱਖਾਂ ਦੇ ਰਿਪਰਜੈਂਟਟਿਵ ਹਾਂ। ਇਸ ਲਈ ਜਿਹੜੇ ਅਟੈਕ ਅਕਾਲੀ ਦਲ ਤੇ ਹੋਣੇ ਆਂਣ ਇਹਨੂੰ ਸਿੱਖ ਕਮਿਊਨਿਟੀ ਦੇ ਖਿਲਾਫ਼ ਸਮਝ ਲੈਂਦੇ ਹਨ। ਇਹੀ ਤੇ ਸਾਰੀ ਲੜਾਈ ਹੈ। ਹੁਣ ਅਕਾਲੀਆਂ ਦੀ ਹਕੂਮਤ ਪਈ ਚਲਦੀ ਹੈ। ਪੰਜ ਸਾਲਾਂ ਲਈ ਚਲਣਾ ਹੈ, ਹੁਣ ਇਹਦੀਆਂ ਗਲਤ ਨੀਤੀਆਂ ਦੇ ਖਿਲਾਫ਼ ਬੋਲੀਏ ਤਾਂ, ਇਹਦਾ ਇਹ ਤਾਂ ਨਹੀਂ ਮਤਲਬ ਕਿ ਇਹ ਸਿੱਖੀ ਦੇ ਖਿਲਾਫ਼ ਹੈ। ਹੁਣ ਇਹ ਆਪਣੇ ਆਪ ਨੂੰ ਸਿੱਖਾਂ ਦੇ ਨੁਮਾਇੰਦੇ ਬਣ ਕੇ ਇਹ ਸਮਝਦੇ ਨੇ ਕਿ ਇਨਾਂ ਉਤੇ ਜਿਹੜਾ ਅਟੈਕ ਹੁੰਦਾ ਹੈ, ਸਿੱਖੀ ਉਤੇ ਅਟੈਕ ਹੈ।

? ਪਰ ਹੁਣ ਤਾਂ ਉਹ ਹੋਰ ਵੱਡੇ ਰੂਪ ਵਿਚ ਲਿਆ ਰਹੇ ਹਨ। ਦੇਖੋ। ਕਿੱਦਾਂ ਇਹ ਕਹਿ ਰਹੇ ਨੇ ਕਿ ਇਹ ਨਾਸਤਕ, ਜਿਹੜੇ ਕਮਿਊਨਿਸਟ ਹਨ, ਇਨਾਂ ਦੇ ਵਿਰੁੱਧ ਕਰਨਾ ਹੈ। ਦੂਜੇ ਪਾਸੇ ਇਹ ਆਪਣੇ ਆਪ ਵਿਚ ਅਧਿਆਤਮਵਾਦੀ ਬਣਦੇ ਹਨ ਤੇ ਕਹਿੰਦੇ ਹਨ ਅਧਿਆਤਮਵਾਦ ਆਉਣਾ ਚਾਹੀਦਾ ਹੈ। ਇਸਦਾ ਮਤਲਬ ਇਹ ਕਿ ਵਿਚਾਰਧਾਰਕ ਮਸਲਾ ਲਿਆ ਰਹੇ ਹਨ। ਤੁਹਾਡਾ ਕੀ ਵਿਚਾਰ ਹੈ।

• ਨਹੀਂ, ਇਹ ਤਾਂ ਇਨਾਂ ਨੂੰ ਇਕ ਸੌਖਾ ਜਿਹਾ ਢੰਗ ਲੱਭਿਆ ਹੈ ਕਿ ਕਮਿਊਨਿਸਟ ਲੋਕਾਂ ਦੇ ਵਿਚ ਕੰਮ ਕਰਦੇ ਨੇ, ਲੋਕਾਂ ਦੀਆਂ ਡੀਮਾਂਡਜ਼ ਲਿਆਉਂਦੇ ਨੇ, ਇਨਾਂ ਨੂੰ ਖੂੰਡਾ ਕਰਨ ਵਾਸਤੇ ਇਨਾਂ ਨੂੰ ਕਰਾਰ ਦੇ ਦਿਓ ਕਿ ਬਈ ਇਹ ਨਾਸਤਕ ਨੇ ਕਿਉਂਕਿ ਜਿਹੜੀ ਇਹ ਹਿੰਦੁਸਤਾਨ ਦੀ ਸੁਸਾਇਟੀ ਹੈ ਰਾਮ, ਭਗਵਾਨ ਦੇ ਵਿਚ ਬਹੁਤ ਵਿਸ਼ਵਾਸ ਰੱਖਦੀ ਹੈ। ਇਹ ਜਿਹੜੇ ਬੰਦੇ ਨੇ ਇਹੋ ਹੀ ਗੱਲ ਕੈਨੇਡਾ, ਅਮਰੀਕਾ, ਯੂਰਪ ਦੇ ਵਿਚ ਕਹਿਣ ਕਿ ਇਹ ਨਾਸਤਕ ਨੇ ਤੇ ਇਨਾਂ ਦਾ ਕੋਈ ਮਾਇਨਾਂ ਨਹੀਂ ਹੈ। ਇਹ ਸੁਸਾਇਟੀ ਜਿਹੜੀ ਸਾਰੇ ਹਿੰਦੁਸਤਾਨ ਦੀ ਹੈ, ਬੜੀ ਅਧਿਆਤਮਕ ਟਾਈਪ ਡੁਐਲਪ ਕੀਤੀ ਗਈ ਹੈ। ਇਹ ਇਸ ਕਰਕੇ ਬੜੇ ਚੇਤੰਨ ਹੋ ਕੇ ਆਪਣਾ ਹਥਿਆਰ ਵਰਤਦੇ ਪਏ ਨੇ, ਕਿ ਇਨਾਂ ਨੂੰ ਨਾਸਤਕ ਕਹਿ ਕੇ ਭੰਡਿਆਂ ਜਾਵੇ। ਮੈਂ ਤੇ ਇਕੋ ਗੱਲ ਕਹਿੰਦਾ ਹਾਂ ਕਿ ਹਿੰਦੁਸਤਾਨ ਦਾ ਸਾਰਿਆਂ ਨਾਲੋਂ ਵੱਡਾ ਫਰੀਡਮ ਫਾਈਟਰ ਜਿਹੜਾ ਜਵਾਨੀ ਦੇ ਵੇਲੇ ਫਾਂਸੀ ਦਾ ਰੱਸਾ ਚੁੰਮ ਗਿਆ, ਭਗਤ ਸਿੰਘ, ਉਹ ਨਾਸਤਕ ਸੀ। ਨਾਸਤਕ ਹੋਣਾ ਇਕ ਬੜਾ ਵੱਡਾ ਫ਼ਖਰ ਹੈ। ਮੈਨੂੰ ਜੇ ਕੋਈ ਕਹੇ ਕਿ ਮੈਂ ਨਾਸਤਕ ਹਾਂ ਤਾਂ ਮੈਂ ਕਹਿ ਦਿਆਂਗਾ ਕਿ ਮੈਂ ਤੁਹਾਡੇ ਵਾਲਾ ਆਸਤਕ ਨਹੀਂ ਹਾਂ। ਮੈਂ ਨਾਸਤਕ ਹਾਂ। ਹਾਂ, ਮੈਨੂੰ ਫ਼ਖਰ ਹੈ ਕਿ ਮੈਂ ਨਾਸਤਕ ਹਾਂ।

? ਹਾਂ ਜੀ, ਭਾਅ ਜੀ ਇਕ ਹੋਰ ਸਵਾਲ ਇਹਦੇ ਵਿਚੋਂ ਪੈਦਾ ਹੁੰਦਾ ਹੈ, ਦੇਖੋ। ਇਹ ਵਿਚਾਰਧਾਰਕ ਟਕਰਾਅ ਤਾਂ ਸਦੀਆਂ ਤੋਂ ਹੈ, ਇਕ ਪਾਸੇ ਅਧਿਆਤਮਕ ਹੈ, ਆਦਰਸ਼ਵਾਦ ਹੈ, ਦੂਜੇ ਪਾਸੇ ਮਾਰਕਸਵਾਦ ਹੈ ਜਾਂ ਪਦਾਰਥਵਾਦ ਹੈ। ਇਹ ਟਕਰਾਅ ਤਾਂ ਹੈ। ਜਦੋਂ ਤੁਸੀਂ ਚੇਤੰਨ ਹੋ ਕੇ ਨਾਟਕ ਲਿਖਦੇ ਹੋ, ਇਕ ਸਿਆਸੀ ਨਜ਼ਰੀਏ ਤੋਂ, ਕਿਸੇ ਇਕ ਦਿਸ਼ਾ ਵੱਲ ਸੇਧਤ, ਇਕ ਖਾਸ ਕਿਸਮ ਦੀ ਫੋਰਸਜ਼ ਦੇ ਵਿਰੁੱਧ ਲਿਖਦੇ ਹੋ ਤਾਂ ਨੈਚਰਲੀ ਉਹਦੇ ਵਿਚ ਵਿਚਾਰਧਾਰਾ ਦੇ ਅੰਸ਼ ਤਾਂ ਆਉਣਗੇ ਹੀ ਮਤਲਬ ਇਸ ਰੂਪ ਵਿਚ ਤਾਂ ਉਨ੍ਹਾਂ ਦੇ ਵਿਰੁੱਧ ਹੈਗਾ ਹੈ ਨਾ ?

• ਉਹਨਾਂ ਦੀ ਵਿਚਾਰਧਾਰਾ ਦੇ ਵਿਰੁੱਧ ਜਾਂਦਾ ਹੈ। ਹੁਣ ਸਿੱਖੀ ਦੀ ਵੀ ਵਿਚਾਰਧਾਰਾ ਦੇ ਵਿਚ, ਕਿਉਂਕਿ ਇਥੇ ਜੰਮੇ ਪਲੇ ਹਾਂ। ਸਿੱਖੀ ਦੇ ਵਿਚ ਦੋ ਪਹਿਲੂ ਹਨ। ਜਿਹਦੇ ਵਿਚ ਨਾਮ ਸਿਮਰਨਾ, ਨਾਮ ਜੱਪਣਾ, ਨਾਮ ਦੀ ਮਹਿਮਾ, ਨਾਮ ਜੱਪੀ ਜਾਓ। ਦੂਜੇ ਪਾਸੇ ਬੜੀਆਂ ਸਮਾਜਿਕ ਫਿਗਰਜ਼ ਹਨ। ਗੁਰੂ ਨਾਨਕ ਦੇਵ ਜੀ, ਗੁਰੂ ਤੇਗ ਬਹਾਦਰ, ਗੁਰੂ ਅਰਜਨ ਦੇਵ ਇਹ ਸਭ ਸਮਾਜਿਕ ਫਿਗਰਜ਼ ਸਨ। ਉਸ ਇਤਿਹਾਸ ਨੂੰ ਮੈਂ ਕਦੇ ਨਹੀਂ ਕਿਹਾ ਕਿ ਮੈਂ ਧਾਰਮਿਕ ਨਾਟਕ ਕਰ ਰਿਹਾ ਹਾਂ, ਮੈਂ ਹਮੇਸ਼ਾਂ ਕਹਿੰਦਾ ਹਾਂ ਕਿ ਸਿੱਖ ਇਤਿਹਾਸ ਦੇ ਨਾਟਕ ਕਰ ਰਿਹਾ ਹਾਂ। ਮੇਰੇ ਵਾਸਤੇ ਬਾਬਾ ਨਾਨਕ ਕੋਈ ਰੱਬ ਨਹੀਂ ਹੈ। ਮੇਰੇ ਵਾਸਤੇ ਬਾਬਾ ਨਾਨਕ ਇਕ ਭਾਰੀ ਸੋਸ਼ਲ ਇਨਕਲਾਬੀ ਸੀ। ਗੁਰੂ ਗੋਬਿੰਦ ਸਿੰਘ ਵੀ ਸੋਸ਼ਲ ਇਨਕਲਾਬੀ ਸੀ।

ਇਹ ਉਨ੍ਹਾਂ ਦਾ ਫਲਸਫ਼ਾ, ਜੇਕਰ ਮੈਨੂੰ ਕੋਈ ਕਹੇ ਕਿ ਮੈਂ ਮਾਰਕਸਿਸਟ ਬਣ ਗਿਆ, ਮੈਂ ਨਿੱਕੇ ਹੁੰਦਿਆਂ ਤੋਂ ਤਾਂ ਨਹੀਂ ਮਾਰਕਿਸਸਟ ਬਣ ਗਿਆ। ਮੈਂ ਨਿੱਕੇ ਹੁੰਦਿਆਂ ਸਿੱਖ ਇਤਿਹਾਸ ਤੋਂ ਵੀ ਬਹਾਦਰੀ ਦੇ ਸੰਕਲਪ ਲਏ ਨੇ। ਫੇਰ ਮੈਂ ਜਦੋਂ ਵੱਡਾ ਹੋਇਆ ਮਾਰਕਸਿਸਟ ਪੜ੍ਹਿਆ। ਜਮਾਤਾਂ ਦੀ ਲੜਾਈ ਕਿੰਝ ਹੁੰਦੀ ਹੈ, ਇਹ ਸਾਰਾ ਮੈਂ ਮਾਰਕਸਿਜ਼ਮ ਤੋਂ ਸਿਖਿਆ ਹੈ। ਇਹ ਸਿਖੀ ਤੋਂ ਤਾਂ ਨਹੀਂ ਸਿਖਿਆ ਜਾ ਸਕਦਾ।

? ਭਾਅ ਜੀ, ਹੁਣ ਇਹ ਗੱਲ ਆਪਾਂ ਸਾਰੇ ਮੰਨਦੇ ਹਾਂ, ਜਿੰਨੇ ਕਮਿਊਨਿਸਟ ਹਨ ਕਿ ਬਈ ਜਿੰਨੇ ਸਿਖ ਇਤਿਹਾਸ ਵਿਚ ਸੰਘਰਸ਼ ਹੋਏ ਹਨ ਜਾਂ ਤੁਸੀਂ ਕਹਿ ਲਓ ਕਿ ਜੋ ਸੰਘਰਸ਼ ਸਿੱਖ ਦੇ ਨਾਂ 'ਤੇ ਲੜੇ ਗਏ, ਜਿੱਦਾਂ ਤੁਸੀਂ ਕਹਿ ਲਓ ਗੁਰੂ ਗੋਬਿੰਦ ਸਿੰਘ ਦਾ ਸੰਘਰਸ਼, ਬੰਦਾ ਬਹਾਦਰ ਦਾ ਲੈ ਲਓ ਮਤਲਬ ਉਹਦੇ ਹਾਂ ਪੱਖੀ ਫੀਚਰ ਤਾਂ ਹੈਗੇ ਹਨ ?

• ਬੜੇ ਜ਼ਬਰਦਸਤ ਫੀਚਰ ਨੇ ਉਹਦੇ ਵਿਚ। ਉਦੋਂ ਤਕ ਕੋਈ ਨੈਗੇਟਿਵ ਫੀਚਰ ਨਹੀਂ ਸਨ, ਮਹਾਰਾਜਾ ਰਣਜੀਤ ਸਿੰਘ ਤੋਂ ਵੀ ਪਹਿਲਾਂ। ਪਰ ਬਾਅਦ ਵਿਚ ਸਿੱਖੀ ਨਿਜ਼ਾਮ ਵਿਚ ਜਾਤਪਾਤ ਦਾ ਫਰਕ ਮਿਟਣ ਹੀ ਨਹੀਂ ਦਿੱਤਾ। ਇਹ ਸਿੱਖ ਇਤਿਹਾਸ ਵਿਚ ਕਿੱਥੇ ਸੀ ਕਿ ਇਹ ਸੰਧੇਵਾਲੀਆ ਸਰਦਾਰ ਨੇ ਜਾਂ ਦੂਜੇ ਨੇ।

? ਇਹ ਤਾਂ ਗੱਲ ਸਾਫ਼ ਤੁਹਾਡੇ ਲੇਖਾਂ ਵਿਚ ਆ ਰਹੀ ਹੈ ਕਿ ਸਿੱਖ ਦੇ ਟੌਹੜਾ ਵਰਗੇ ਰਿਪਰੇਜੈਂਟੇਟਿਵ ਨਹੀਂ, ਜੇਕਰ ਉਹ ਸਮਝਦੇ ਹਨ ਤਾਂ ਉਹ ਬੈਡ ਰਿਪਰੇਜੈਂਟੇਟਿਵ

ਹੈਗੇ ਨੇ। ਸਿੱਖੀ ਦੇ ਉਹ ਚੰਗੇ ਪ੍ਰਤੀਨਿੱਧੀ ਨਹੀਂ ਹਨ।

• ਆਪਣੇ ਵਲੋਂ ਉਹ ਗੁੱਡ ਪਏ ਬਣਨ, ਸਾਡੇ ਵਾਸਤੇ ਉਹ ਬੈਡ ਨੇ। ਸਾਡੇ ਵਾਸਤੇ ਮਤਲਬ ਕਿ ਜਿਹੜੀ ਗਰੀਬ ਜਮਾਤ ਹੈ ਉਹਦੇ ਵਾਸਤੇ ਬੈਡ ਨੇ।

? ਜਿੱਦਾਂ ਆਪਾਂ ਨਾਟਕ ਤੋਂ ਗੱਲ ਸ਼ੁਰੂ ਕੀਤੀ ਸੀ ਜਿੱਦਾਂ ਤਸਲੀਮਾਂ ਨਸਰੀਨ ਤੇ ਹੋਰ ਵੀ ਹੈਗੇ ਹਨ ਜਿਨਾਂ ਉਤੇ ਮੂਲਵਾਦੀ ਖ਼ਫਾ ਨੇ। ਕੀ ਇਹ ਮੂਲਵਾਦੀ ਹੋਣ ਕਰਕੇ ਇਸ ਤਰ੍ਹਾਂ ਦੇ ਨਾਟਕ ਬੰਦ ਕਰਨਾ ਚਾਹੁੰਦੇ ਹਨ ? ਉਹ ਨਾਟਕ ਜਿਨਾਂ ਨੂੰ ਖੱਬੇ ਪੱਖੀ ਨਾਟਕ ਕਹਿੰਦੇ ਹਨ। ਉਨ੍ਹਾਂ ਕਾਲਜਾਂ ਵਿਚ ਜਿਨਾਂ ਨੂੰ ਇਹ ਸ਼੍ਰੋਮਣੀ ਕਮੇਟੀ ਦੇ ਕਾਲਜ ਕਹਿੰਦੇ ਹਨ। ਕਿਉਂ ਬੰਦ ਕਰਨਾ ਚਾਹੁੰਦੇ ਹਨ ?

• ਸਿੱਧੀ ਜਿਹੀ ਗੱਲ ਹੈ ਕਿ ਉਹ ਜਿਹੜੇ ਆਪਣੀ ਸਰਦਾਰੀ ਚਲਾ ਰਹੇ ਨੇ ਉਹ ਚਾਹੁੰਦੇ ਨੇ ਕਿ ਉਨ੍ਹਾਂ ਦੀ ਸਰਦਾਰੀ ਨੂੰ ਕੋਈ ਚੈਲਿੰਜ ਨਾ ਕਰੇ। ਉਹ ਸਰਦਾਰੀ ਚਲਾ ਰਹੇ ਨੇ ਸਿੱਖਾਂ ਦੇ ਨਾਂ ਉਤੇ। ਅਸਲ ਵਿਚ ਉਹ ਆਪਣੀ ਸਰਦਾਰੀ ਨੂੰ ਚੈਲਿੰਜ ਸਮਝਦੇ ਨੇ ਨਾ। ਉਹ ਇਹ ਤਾਂ ਨਹੀਂ ਨਾ ਕਹਿੰਦੇ ਕਿ ਗੁਰਸ਼ਰਨ ਸਿੰਘ ਤਾਂ ਖਿਲਾਫ਼ ਹੈ ਕਿਉਂਕਿ ਟੌਹੜਾ ਜਿਹੜਾ ਹੈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਹੈ। ਗੁਰਸ਼ਰਨ ਸਿੰਘ ਟੌਹੜਾ ਦੀ ਪੋਲੇਟਿਕਸ ਦੇ ਖਿਲਾਫ਼ ਹੈ। ਵਿਚ ਆ ਜਾਂਦੀ ਹੈ ਸਰਕਾਰ ਜੋ ਕਿ ਆਮ ਲੋਕਾਂ ਦੇ ਖਿਲਾਫ਼ ਹੈ। ਉਨ੍ਹਾਂ ਦਾ ਕੋਈ ਮਸਲਾ ਹੱਲ ਨਹੀਂ ਕਰਦੀ। 37 ਫੀਸਦੀ ਜਿਹੜੇ ਵਿਹੜਿਆਂ ਦੇ ਵਿਚ ਰਹਿੰਦੇ ਲੋਕ ਨੇ ਉਹ ਤੇ ਬਿਲਕੁਲ ਹੀ ਥੱਲੇ ਦੇ ਥੱਲੇ ਚਲੇ ਗਏ ਹਨ। ਉਂਜ ਹੋਰ ਜਿਹੜੇ ਕੋਂਚਿਆਂ 'ਚ ਰਹਿੰਦੇ ਨੇ ਜਾਂ ਦੂਸਰੇ ਗਰੀਬ ਨੇ ਉਨ੍ਹਾਂ ਦੀ ਇਹ ਕਦੇ ਵੀ ਗੱਲ ਨਹੀਂ ਕਰਦੇ। ਜਿਹੜੇ ਗੱਲ ਕਰਦੇ ਨੇ, ਉਨ੍ਹਾਂ ਨਾਲ ਇਨਾਂ ਨੂੰ ਇਹ ਤਕਲੀਫ਼ ਹੈ ਕਿ ਇਹ ਕਿਉਂ ਕਰਦੇ ਨੇ। ਤਾਂ ਇਨਾਂ ਦੀ ਸਰਦਾਰੀ ਚੈਲਿੰਜ ਹੋ ਜਾਂਦੀ ਹੈ।

? ਮਤਲਬ, ਇਨਾਂ ਦਾ ਭਾਂਡਾ ਫੋੜ ਹੁੰਦਾ ਹਾਂ। ਉਸ ਕਰਕੇ ਇਹ ਕਰਦੇ ਹਨ, ਪਰ ਆਪਣੀ ਕੋਈ ਐਡੀ ਵੱਡੀ ਮੂਵਮੈਂਟ ਤਾਂ ਹੈ ਨਹੀਂ ਕਿ ਇਨਾਂ ਨੂੰ ਤੁਰੰਤ ਓਵਰ ਥਰੋ ਕਰ ਸਕਦੇ ਹਾਂ ?

• ਨਹੀਂ, ਸਾਡੀ ਮੂਵਮੈਂਟ ਇਸ ਮੂਮੈਂਟ ਇਸ ਤਰ੍ਹਾਂ ਤੁਰੰਤ ਓਵਰਥਰੋ ਵਾਲੀ ਤੇ ਨਹੀਂ। ਪਰ ਇਹ ਚੇਤਨਾ ਦਾ ਇਕ ਵਹਾਅ ਚਲਾ ਰਿਹਾ ਹੈ ਤੇ ਵਹਾਅ ਜਦੋਂ ਤੂਫ਼ਾਨ ਬਣ ਗਿਆ ਤਾਂ ਉਹ ਇਨਾਂ ਨੂੰ ਡੇਗੇਗਾ ਹੀ।

? ਮਤਲਬ ਇਹਦਾ ਨਿਸ਼ਾਨਾ ਖਾਲੀ ਟੌਹੜਾ ਨਹੀਂ ਨਾ, ਇਹ ਤਾਂ ਹਾਕਮ ਜਮਾਤਾਂ ਹਨ ?

• ਹਾਂ ਬਿਲਕੁਲ, ਸਾਰੀਆਂ ਹਾਕਮ ਜਮਾਤਾਂ। ਮੇਰਾ ਮਤਲਬ ਜਿਹੜੇ ਇਸ ਨਜ਼ਾਮ ਨੂੰ ਪ੍ਰਬੰਧ ਨੂੰ ਕਾਇਮ ਰੱਖਣਾ ਚਾਹੁੰਦੇ ਨੇ। ਮੈਂ ਤੁਹਾਡੇ ਨਾਲ ਸੰਬੋਧਨ ਹੁੰਨਾ, ਪਹਿਲਾਂ ਮੈਂ ਆਪਣੇ ਆਪ ਨੂੰ ਹੀ ਸੰਬੋਧਨ ਹੁੰਨਾ ਅਤੇ ਲੋਕਾਂ ਨੂੰ ਕਹਿੰਦਾ ਹਾਂ ਕਿ ਇਨਕਲਾਬ ਦੀ ਲੋੜ ਕਿਸਨੂੰ ਹੈ ? ਇਸ ਪ੍ਰਬੰਧ ਨੂੰ ਬਦਲਾਉਣ ਦੀ ਲੋੜ ਕਿਸਨੂੰ ਹੈ ? ਇਹ

ਜਿਹੜੇ ਰੱਜੇ ਪੁੱਜੇ ਲੋਕ ਨੇ ਇਨ੍ਹਾਂ ਨੂੰ ਕੀ ਲੋੜ ਹੈ। ਇਸ ਸਮਾਜ ਨੂੰ ਬਦਲਾਉਣ ਦੀ ? ਇਹ ਤੇ ਪਰਿਵਲਿਜ਼ਡ ਨੇ। ਇਨਾਂ ਨੂੰ ਤਾਂ ਫਿਕਰ ਹੀ ਇਹ ਹੈ ਕਿ ਇਨਾਂ ਦਾ ਬੱਚਾ ਆਦਰਸ਼ ਅਫ਼ਸਰ ਬਣੇ, ਪਹਿਲੀ ਜਮਾਤ ਤੋਂ ਅੰਗਰੇਜ਼ੀ ਪੜ੍ਹੇ। ਇਹ ਤੇ ਨਹੀਂ ਨਾ ਫਿਕਰ ਕਿ ਜਿਹੜੇ ਵਿਹੜਿਆ ਵਿਚ ਰਹਿਣ ਵਾਲੇ ਨੇ ਉਹ ਵੀ ਪੜ੍ਹ ਜਾਣ। ਉਨ੍ਹਾਂ ਦਾ ਇਹ ਫਿਕਰ ਹੋਵੇ ਕਿ ਬਈ ਜਿਹੜਾ ਗਰੀਬ ਆਦਮੀ ਹੈ ਚੰਗੀ ਪੜ੍ਹਾਈ ਤਾਂ ਹੀ ਪੜ੍ਹ ਸਕਦਾ ਹੈ ਜੇ ਉਹ ਆਪਣੀ ਮਾਤਰੀ ਜ਼ੁਬਾਨ ਵਿਚ ਪੜ੍ਹੇਗਾ। ਇਨਾਂ ਨੂੰ ਇਹ ਫਿਕਰ ਨਹੀਂ ਹੈ। ਇਨਾਂ ਨੂੰ ਤਾਂ ਇਹ ਫਿਕਰ ਹੈ ਕਿ ਉਨ੍ਹਾਂ ਦੇ ਬੱਚੇ ਵੱਡੇ ਅਫ਼ਸਰ ਕਿਵੇਂ ਬਣਨ, ਤਾਂ ਕਿ ਇਨਾਂ ਨੂੰ ਅੰਜਰੇਜ਼ੀ ਪੜ੍ਹਾਓ। ਦੂਜਿਆਂ ਦੀ ਵਿਦਿਆ ਬੰਦ ਕਰੋ, ਇਨਾਂ ਨੂੰ ਅੰਜਰੇਜ਼ੀ ਪੜ੍ਹਾਓ।

? ਹੁਣ ਤਾਂ ਇਹ ਵੀ ਆ ਗਿਆ ਕਿ ਲੜਕੇ ਤੇ ਲੜਕੀਆਂ ਨੂੰ ਅਲੱਗ-ਅਲੱਗ ਪੜ੍ਹਾਓ, ਤੁਸੀਂ ਕੀ ਸੋਚਦੇ ਹੋ ਇਹਦੇ ਬਾਰੇ ?

• ਇਹਦੇ ਬਾਰੇ ਵੀ ਇਹ ਹੈ ਕਿ ਇਹਦੇ ਪਿਛੇ ਇਕ ਬੜੀ ਜੱਟਵਾਦ ਲਫ਼ਜ਼ ਤਾਂ ਮੈਂ ਨਹੀਂ ਵਰਤਦਾ ਪਰ ਹੈ ਉਹ ਜੱਟਵਾਦ ਜਾਂ ਜਿਹਨੂੰ ਕਹਿੰਦੇ ਨੇ ਜਗੀਰੂ ਸੋਚ ਹੈ। ਅੱਜ ਕੁੜੀਆਂ ਪੰਜਾਬ ਦੇ ਵਿਚ ਸਾਰੀਆਂ ਟੌਪ ਪੁਜ਼ੀਸ਼ਨਾਂ ਲਈ ਜਾ ਰਹੀਆਂ ਨੇ। ਮੈਡੀਕਲ ਕਾਲਜਾਂ ਵਿਚ 100 ਵਿਚੋਂ 70 ਕੁੜੀਆਂ ਤੇ 30 ਮੁੰਡੇ ਰਹਿ ਗਏ ਨੇ। ਇਨਾਂ ਦੀ ਤਕਲੀਫ਼ ਹੈ ਜਗੀਰੂਵਾਦ ਦੀ ਕਿ ਕੁੜੀਆਂ ਕਿਉਂ ਪੜ੍ਹਨ, ਕੁੜੀਆਂ ਕਿਉਂ ਅੱਗੇ ਵੱਧਣ। ਜਦੋਂ ਭਿੰਡਰਾਂਵਾਲਾ ਉੱਠ ਰਿਹਾ ਸੀ ਤਾਂ ਉਦੋਂ ਖੁਮਾਣੀ ਉਠ ਖਲੋਇਆ ਸੀ ਇਰਾਨ ਵਿਚ। ਇਰਾਨ ਦੀਆਂ ਕੁੜੀਆਂ ਨੇ ਜੋ ਕੁਝ ਅੱਸੀ ਸਾਲ ਵਿਚ ਪ੍ਰਾਪਤੀ ਕੀਤੀ, ਖੁਮਾਣ ਨੇ ਆ ਕੇ ਡੇਢ ਸਾਲ ਵਿਚ ਖ਼ਤਮ ਕਰ ਦਿੱਤੀ। ਹੁਣ ਮੈਂ ਮੂਲਵਾਦੀਆਂ ਦੇ ਖਿਲਾਫ਼ ਕਿਉਂ ਹੋਇਆ, ਕਿਉਂਕਿ ਮੂਲਵਾਦੀ ਜਦੋਂ ਆਉਂਦੇ ਨੇ ਇਨਾਂ ਦਾ ਪਹਿਲਾ ਅਟੈਕ ਜਿਹੜਾ ਹੈ ਔਰਤਾਂ 'ਤੇ ਹੁੰਦਾ ਹੈ। ਔਰਤਾਂ ਦੇ ਵੱਧਣ ਉਤੇ, ਔਰਤਾਂ ਦੀ ਅਜ਼ਾਦੀ ਉਤੇ, ਔਰਤਾਂ ਦੇ ਸੋਚਣ ਉਤੇ। ਅਟੈਕ ਹੀ ਔਰਤਾਂ ਤੇ ਹੋਣਾ ਹੈ ਔਰ ਹੋਇਆ ਹੈ। ਇਨਾਂ ਦੀ ਸਾਰੀ ਸੋਚ ਜਿਹੜੀ ਹੈ, ਠੀਕ ਨਹੀਂ ਹੈ। ਜਿਸ ਤਰ੍ਹਾਂ ਇਹ ਸਰਦਾਰ ਹਮੇਸ਼ਾਂ ਕਹਿਣਗੇ ਕਿ ਅਸੀਂ ਪੰਜਾਬੀ ਹਾਂ ਜਿਵੇਂ ਪੰਜਾਬੀ ਹੋਣਾ ਬੜਾ ਫ਼ਖ਼ਰ ਹੈ। ਜਿਸ ਤਰ੍ਹਾਂ ਮਦਰਾਸੀ ਮਾੜੀ ਗੱਲ ਹੈ, ਸਿੱਖ ਹੋਣਾ ਵੱਡੀ ਗੱਲ ਹੈ।

ਅੱਜ ਦੇ ਸਮੇਂ ਦੇ ਵਿਚ ਜਿਹੜੀਆਂ ਇਹ ਸੋਚਾਂ ਨੇ, ਪਿਛਾਕੜੀਆਂ ਸੋਚਾਂ ਨੇ। ਜਿਵੇਂ ਜਗੀਰੂ ਤਾਂ ਹੈਗੇ ਨੇ, ਹੁਣ ਇਹ ਅਕਾਲੀ ਦਲ ਦੀ ਸਾਰੀ ਪਾਲੇਟਿਕਸ ਦੀ ਸੋਚ ਹੈ। ਜਿਸ ਤਰ੍ਹਾਂ 5100 ਰੁਪਏ ਦੇਣਾ ਗਰੀਬ ਦੀ ਧੀ ਨੂੰ, ਇਹਦੇ ਵਿਚ ਉਹੀ ਹੈ ਕਿ ਪੁਰਾਣੇ ਸਮੇਂ ਜਿਵੇਂ ਜਿਮੀਂਦਾਰ, ਗਰੀਬ ਦੀਆਂ ਧੀਆਂ ਦੇ ਵਿਆਹ ਵਿਚ ਸ਼ਗਨ ਦਿੰਦੇ ਨੇ। ਮਤਲਬ ਇਹਦਾ ਨਾਂ ਹੀ ਇਨਾਂ ਸ਼ਗਨ ਰਖਿਆ। ਉਹ ਇਹ ਨਹੀਂ ਕਹਿਣਗੇ ਕਿ 5100 ਰੁਪਇਆ ਉਹਦਾ ਹੱਕ ਹੈ। ਤੇ ਇਹ ਕੁੜੀਆਂ ਪੜ੍ਹਨ, ਅੱਗੇ

ਵਧਣ, ਚੰਗੇ ਜੀਵਨ ਬਿਤਾਉਣ। ਇਹ ਫ਼ਰਕ ਹੈ ਇਨਾਂ ਦੀ ਸੋਚ ਦਾ ਤੇ ਸਾਡੀ ਸੋਚ ਦਾ ਤੇ ਇਹਦੇ ਵਿਚੋਂ ਕੋਈ ਕੋਈ ਕਿਸੇ ਕਿਸੇ ਮੁੱਦੇ ਉਤੇ ਨਾਟਕ ਵੀ ਲਿਖਦੇ ਹਨ। ਕਈਆਂ ਨੇ ਕਹਾਣੀਆਂ ਵੀ ਲਿਖਣੀਆਂ ਹਨ, ਨਾਵਲ ਵੀ ਲਿਖੇ ਜਾਣੇ ਹਨ, ਇਹ ਇਨਾਂ ਨੂੰ ਐਵੇਂ ਤਕਲੀਫ਼ ਨਹੀਂ ਹੈ। ਮੈਂ ਕਹਿਣਾ ਕਿ ਇਹ ਐਵੇਂ ਨਹੀਂ ਹੈ। ਇਹ ਵੀ ਚੇਤੰਨ ਨੇ ਕਿ ਜੇ ਇਹ ਸੋਚ ਉਤੇ ਆ ਗਈ ਤਾਂ ਸਾਡੀ ਸੋਚ ਥੱਲੇ ਚਲੀ ਜਾਵੇਗੀ।

? ਮਤਲਬ ਇਹ ਹੈ ਕਿ ਇਹ ਜਿਹੜੀ ਜਗੀਰਦਾਰੀ ਹੈ ਇਹਨੂੰ ਬਣਾਈ ਰੱਖਣਾ ਚਾਹੁੰਦੇ ਹਨ। ਆਪਾਂ ਜਿਹੜੇ ਲੋਕ ਹਾਂ ਇਸ ਜਗੀਰਦਾਰੀ ਨੂੰ ਖ਼ਤਮ ਕਰਨਾ ਚਾਹੁੰਦੇ ਹਾਂ।

• ਇਹ ਜਗੀਰਦਾਰੀ, ਇਕ ਜਗੀਰੂ ਸੋਚ ਹੈ, ਉਂਜ ਇਹ ਜਗੀਰਦਾਰ ਨਾ ਹੋਣ। ਜਿਸ ਤਰ੍ਹਾਂ ਮਿਰਜ਼ਾ-ਸਾਹਿਬਾ ਦੇ ਵਿਚ ਸਾਹਿਬਾਂ ਨੇ ਬੇਵਫ਼ਾਈ ਕੀਤੀ ਤੇ ਮਿਰਜ਼ਾ ਮਰਵਾ ਦਿੱਤਾ। ਮਤਲਬ ਕਿ ਸਾਧਾਰਨ ਲੋਕ ਵੀ ਇਸ ਸੋਚ ਦੇ ਧਾਰਨੀ ਹੌਲੀ-ਹੌਲੀ ਬਣ ਜਾਂਦੇ ਹਨ।

? ਜੇ ਫਰਕ ਕਰਨਾ ਹੋਵੇ ਕਿ ਬਈ ਆਹ ਹੈਗਾ ਐ ਲੋਕ ਸਭਿਆਚਾਰ, ਇਹ ਹੈ ਕਿ ਹਾਕਮ ਜਮਾਤਾਂ ਦਾ ਸਭਿਆਚਾਰ, ਇਹ ਕਿੱਦਾਂ ਕਰਾਂਗੇ ? ਇਹ ਜਗੀਰੂ ਸਭਿਆਚਾਰ ਹੈ, ਇਹ ਆਪਾਂ ਕਿੱਦਾਂ ਕਰਾਂਗੇ ?

• ਦੇਖੋ ਨਾ ਕਿ ਲੋਕ ਸਭਿਆਚਾਰ ਦੇ ਵਿਚ 50 ਫੀਸਦੀ ਔਰਤਾਂ ਦਾ ਹੱਕ ਹੈ। ਔਰਤਾਂ ਦੀ ਥਾਂ ਬਰਾਬਰ ਹੈ। ਇਕ ਸੋਚ ਹੈ, ਜਗੀਰੂ ਸੋਚ, ਕਿ ਔਰਤਾਂ ਨੂੰ ਦੱਬ ਕੇ ਥੱਲੇ ਰੱਖਣਾ। ਇਕ ਸੋਚ ਹੈ, ਜਗੀਰੂ ਤੋਂ ਅੱਗੇ ਵਾਲੀ ਸੋਚ ਕਿ ਔਰਤ ਜਿਹੜੀ ਹੈ ਤੁਹਾਡੇ ਐਸ਼ ਦੀ ਪਾਤਰ ਹੈ, ਕਾਮ ਦੀ ਪਾਤਰ ਹੈ। ਉਹਦੇ ਜਿਸਮ ਨਾਲ ਖੇਡਣਾ। ਉਹਨੂੰ ਹੱਕ ਨਹੀਂ ਦੇਣਾ, ਇਹ ਸੋਚਾਂ ਨੇ ਜਗੀਰੂ ਸੋਚ, ਖਪਤਵਾਦੀ ਸਮਾਜ ਦੀ ਸੋਚ।

? ਇਕ ਤਾਂ ਜੀ ਔਰਤ ਦੇ ਮਸਲੇ ਬਾਰੇ ਹੋ ਗਈ ਕਿ ਅਸੀਂ ਔਰਤਾਂ ਨੂੰ ਬਰਾਬਰਤਾ ਦੇਣਾ ਚਾਹੁੰਦੇ ਹਾਂ ਤੇ ਉਹ ਇਹਨੂੰ ਨਹੀਂ ਦਿੰਦੇ, ਹੋਰ ਕਿਹੜੇ ਖੇਤਰ ਹਨ ਜਿਨਾਂ ਵਿਚ ਇਹ ਫਰਕ ਕਲੀਅਰ ਹੈ ?

• ਦੂਜਾ ਜਿਹੜਾ ਮੈਂ ਡਿਫਰੈਂਸ ਕੀਤਾ ਹੈ ਨਾ ਬਰਾਬਰੀ ਵਾਲਾ ਮਤਲਬ ਇਹ ਕਦ ਨਹੀਂ ਚਾਹੁੰਣਗੇ ਕਿ ਜਿਹੜੇ ਵਿਹੜਿਆਂ ਵਾਲੇ ਘਰ ਵਿਚ ਪੈਦਾ ਹੋਇਆ ਬੱਚਾ, ਮਜ਼ਦੂਰ ਘਰ ਵਿਚ ਪੈਦਾ ਹੋਇਆ ਬੱਚਾ ਉਚੀ ਪੜ੍ਹਾਈ ਪੜ੍ਹੇ। ਹੁਣ ਗਰੀਬ ਨੂੰ ਵੋਟ ਦਾ ਹੱਕ ਮਿਲ ਗਿਆ ਹੈ, ਪਰ ਜਿਹੜੇ ਉਤਲੇ ਸਰਕਲ ਦੇ ਲੋਕ ਨੇ ਇਨਾਂ ਨੂੰ ਸਖ਼ਤ ਤਕਲੀਫ਼ ਹੈ ਕਿ ਗਰੀਬ ਗਰੁਬੇ ਨੂੰ ਵੋਟ ਦਾ ਹੱਕ ਮਿਲ ਗਿਆ ਕਿ ਜਿਹੜੇ ਸਾਡੇ ਥੱਲੇ ਰਹਿੰਦੇ ਸਨ ਉਹ ਵੀ ਕੁਰਸੀ ਤੇ ਸਾਡੇ ਬਰਾਬਰ ਬੈਠਣ ਲੱਗ ਪਏ ਹਨ। ਇਨਾਂ ਲੋਕਾਂ ਨੂੰ ਬੜੀਆਂ ਤਕਲੀਫ਼ਾਂ ਨੇ। ਔਰ ਅਸੀਂ ਜਦੋਂ ਇਨਾਂ ਸਾਰੀਆਂ ਗੱਲਾਂ ਨੂੰ ਨਾਟਕਾਂ ਦੇ ਰਾਹੀਂ ਪੇਸ਼ ਕਰਦੇ ਹਾਂ, ਇਨਾਂ ਨੂੰ ਨੰਗਾ ਕਰਦੇ ਹਾਂ ਤਾਂ ਇਨਾਂਨੂੰ ਤਕਲੀਫ਼ ਬਹੁਤ ਜ਼ਿਆਦਾ ਹੋ ਜਾਂਦੀ ਹੈ ਕਿ ਇਹ ਕਿਉਂ ਇੰਜ ਕਹਿੰਦੇ ਨੇ।

? ਹਾਂ ਜੀ, ਭਾਅ ਜੀ ਇਹ ਕਿੰਨਾ ਲੱਚਰ ਸਾਹਿਤ ਛਾਪਿਆ ਜਾ ਰਿਹਾ ਹੈ, ਲੱਚਰ ਗੀਤ ਗਾਏ ਜਾ ਰਹੇ ਨੇ, ਇਹ ਜਿਹੜੀ ਲੱਚਰ ਸੰਸਕ੍ਰਿਤੀ ਹੈ, ਲੱਚਰ ਸਾਹਿਤ ਹੈ ਇਸ ਤੇ ਕਿਉਂ ਨਹੀਂ ਟੌਹੜਾ ਵਰਗੇ ਅਟੈਕ ਕਰਦੇ ?

• ਇਹਦੀ ਇਨਾਂ ਨੂੰ ਕੋਈ ਤਕਲੀਫ਼ ਨਹੀਂ ਹੈ। ਇਹ ਸਮਝਦੇ ਹਨ ਕਿ ਇਨਾਂ ਜਿਹੜੀਆਂ ਬੇਸਿਕ ਪੋਜੀਸ਼ਨਜ਼ ਬਣਾਈਆਂ ਨੇ, ਉਹਨਾਂ ਤੇ ਅਟੈਕ ਨਹੀਂ ਹੈ। ਸਗੋਂ ਇਹ ਇਹਨਾਂ ਦੀ ਮਦਦ ਕਰਦੇ ਨੇ। ਲੋਕਾਂ ਨੂੰ ਗੁੰਮਰਾਹ ਕਰਨ ਲਈ ਵਰਤਦੇ ਵੀ ਨੇ। ਤਿੰਨ ਸਾਲ ਦੀ ਗੱਲ ੇ ਮੈਂ ਬਠਿੰਡੇ ਗਿਆ। ਉਥੇ ਇਕ ਸਟੇਜ ਉਤੇ ਗੀਤ ਗਾਇਆ ਜਾ ਰਿਹਾ ਸੀ, ਇਕ ਬੀਬੀ ਗੀਤ ਗਾ ਰਹੀ ਸੀ। ਇਹ ਨਹੀਂ ਕਿ 'ਸਰ ਫਿਰੌਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੈਂ ਹੈ' ਗਾ ਰਹੀ ਸੀ। ਉਹ ਤਾਂ 'ਮੇਰਾ ਲੌਂਗ ਗੁਆਚਾ ਪਿੱਛੇ ਪਿੱਛੇ ਲੱਭਦਾ ਆਈ ਵੇ' ਗਾ ਰਹੀ ਸੀ। ਇਹ ਚਾਹੁੰਦੇ ਨੇ ਭਗ਼ਤ ਸਿੰਘ ਦੇ ਵਾਰਿਸ ਇਸ ਤਰ੍ਹਾਂ ਦੇ ਹੋਣ ਕਿ ਕੁੜੀਆਂ ਲੌਂਗ ਗਵਾਉਣ ਤੇ ਵਾਰਿਸ ਪਿਛੇ ਪਿਛੇ ਲੱਭਦੇ ਆਉਣ। ਉਹ ਕਿਸੇ ਸੰਘਰਸ਼ ਦੀ, ਬਰਾਬਰੀ ਦੀ ਗੱਲ ਨਾ ਕਰਨ। ਇਹ ਰੱਜੇ ਪੁੱਜੇ ਲੋਕ ਤਾਂ ਇਹੀ ਚਾਹੁੰਦੇ ਨੇ। ਉਂਝ ਇਹਨਾਂ ਨੂੰ ਲੱਚਰ ਦੀ ਕੋਈ ਤਕਲੀ.ਫ ਨਹੀਂ ਹੈ, ਆਪਣੇ ਆਪ ਨੂੰ ਸੱਚਾ ਸੁੱਚਾ ਬਣਾਉਣ ਵਾਸਤੇ ਕਹਿ ਦੇਣਗੇ ਕਿ ਅਸੀਂ ਵੀ ਲੱਚਥ ਦੇ ਖਿਲਾ.ਫ਼ ਹਾਂ। ਇਹ ਕਹਿ ਕੇ ਆਪਣੇ ਆਪ ਨੂੰ ਸਮਝਦੇ ਨੇ ਕਿ ਲਓ ਜੀ ਅਸੀਂ ਵੀ ਲੱਚਰ ਸਾਹਿਤ ਦੇ ਖਿਲਾ.ਫ਼ ਹਾਂ। ਪਰ ਇਹ ਲੱਚਰ ਵਿਰੁਧ ਬੋਲਦੇ ਨਹੀਂ ਤੇ ਨਾ ਹੀ ਸੰਘਰਸ਼ ਕਰਦੇ ਨੇ। ਹੁਣ ਫਰਜ਼ ਕਰੋ ਇਹਨਾਂ ਦੀ ਹਕੂਮਤ ਆ ਗਈ ਹੈ ਤਾਂ ਕੀ ਇਹ ਕਹਿਣਗੇ ਕਿ ਅਸੀਂ ਇਹ ਲੱਚਰ ਕੈਸਿਟ ਕਲਚਰ ਨਹੀਂ ਚੱਲਣ ਦਿਆਂਗੇ। ਇਹ ਨਹੀਂ ਕਹਿਣਗੇ।

? ਭਾਅ ਜੀ ਇਕ ਹੋਰ ਗੱਲ ਹੈ, ਹੁਣ ਓਪਰੇ ਪਹਿਰਾਵੇ ਤਕ ਵੀ ਇਹ ਲਿਆ ਰਹੇ ਨੇ ਕਲਚਰ ਨੂੰ। ਕੀ ਪਹਿਰਾਵੇ ਲਾਲ ਵੀ ਕਲਚਰ ਦਾ ਸੰਬੰਧ ਹੈ ? ਜਿਵੇਂ ਦਾੜ੍ਹੀ ਰੱਖਣੀ ਚਾਹੀਦੀ ਜਾਂ ਨਹੀਂ। ਟੋਪੀ ਪਾਉਣੀ ਚਾਹੀਦੀ ਹੈ ਜਾਂ ਪੱਗ ਬੰਨ੍ਹਣੀ ਚਾਹੀਦੀ ਹੈ। ਇਹਦਾ ਕੀ ਸੰਬੰਧ ਹੈ ਕਲਚਰ ਨਾਲ ?

• ਇਹਦਾ ਕੋਈ ਸੰਬੰਧ ਨਹੀਂ ਹੈ। ਇਹ ਜ਼ਰੂਰੀ ਹੈ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਖਾਲਸਾ ਫੌਜ ਬਣਾਈ ਜ਼ੁਲਮ ਦੇ ਖਿਲਾਫ਼ ਲੜਨ ਲਈ ਉਨ੍ਹਾਂ ਨੂੰ ਡਿਸਪਲਿਨ ਦੇ ਲਈ ਇਕ ਪਹਿਰਾਵਾ ਦਿੱਤਾ। ਜਿਸ ਤਰ੍ਹਾਂ ਫੌਜ ਵੀ ਇਕ ਪਹਿਰਾਵਾ ਪਾਉਂਦੀ ਹੈ। ਇਕ ਡਿਸਪਲਿਨ ਵਿਚ ਰਹਿੰਦੀ ਹੈ ਫੌਜ। ਉਹ ਗੁਰੂ ਗੋਬਿੰਦ ਸਿੰਘ ਨੇ ਉਸ ਸਮੇਂ ਜ਼ਰੂਰੀ ਸਮਝਿਆ ਕਿ ਜਿਹੜੀ ਖਾਲਸਾ ਫੌਜ ਹੈ, ਇਸਦਾ ਡਿਸਪਲਿਨ ਇੰਜ ਬਣਾਉਣਾ ਹੈ। ਪਰ ਇਹ ਹੈ ਕਿ ਅੱਜ ਦੇ ਕਲਚਰ ਦੇ ਵਿਚ ਪਹਿਰਾਵੇ ਦੀ ਬੰਦਿਸ਼ ਦੀ ਕੋਈ ਲੋੜ ਨਹੀਂ।

? ਜਿਹੜੀਆਂ ਧਾਰਮਿਕ ਸੰਸਕਾਰ ਜਾਂ ਮਨਤਾਵਾਂ ਰਹੀਆਂ ਜਾਂ ਜਿਹੜੀਆਂ ਮਾਰਕਸਵਾਦੀ ਮਾਨਤਾਵਾਂ ਵੀ ਰਹੀਆਂ। ਉਨ੍ਹਾਂ ਵਿਚ ਵਿਕਾਸ ਦੀ ਜਾਂ ਤਬਦੀਲੀ

ਦੀ ਸੰਭਾਵਨਾ ਤਾਂ ਰਹਿੰਦੀ ਹੈ ?

- ਤਬਦੀਲੀ ਵੀ ਰਹਿੰਦੀ ਹੈ। ਹੁਣ ਮੈਂ ਤੁਹਾਨੂੰ ਦੱਸਾਂ ਕਿ ਮੈਂ ਕੈਨੇਡਾ ਨਾਟਕ ਕਰਨ ਗਿਆ ਨਾਵਲ ਮਾਲੂਕਾਂ 'ਤੇ। ਇਹਦਾ ਜਿਹੜਾ ਅਖ਼ੀਰ ਹੈ, ਮਲੂਕਾ ਅਖ਼ੀਰ ਵਿਚ ਆਪਣਾ ਰੂਪ ਬਦਲ ਲੈਂਦਾ ਹੈ। ਦਾੜ੍ਹੀ, ਕੇਸ ਨਹੀਂ ਰੱਖਦਾ ਤੇ ਉਹ ਕਲੀਨ ਸ਼ੇਵ ਹੋ ਕੇ ਅੱਗੇ ਜਾਂਦਾ ਹੈ। ਮੇਰਾ ਖ਼ਿਆਲ ਸੀ ਕਿ ਮੈਂ ਜਦੋਂ ਕੈਨੇਡਾ ਇਹ ਡਰਾਮਾ ਕਰਾਂਗਾ ਤੇ ਇਹ ਸਿੱਖ ਕਮਿਊਨਿਟੀ ਇਸ ਗੱਲ ਨੂੰ ਠੀਕ ਨਾ ਸਮਝੇ, ਪਰ ਉਹਨਾਂ ਇਸ ਗੱਲਾਂ ਨੂੰ ਅਪਣਾਇਆ ਤੇ ਸਮਝਾਇਆ ਕਿ ਇਹ ਰੀਐਲਿਟੀ ਹੈ। ਉਥੇ ਹਜ਼ਾਰਾਂ ਬੰਦਿਆਂ ਨੇ ਨਾਟਕ ਵੇਖਿਆ। ਪਰ ਉਹਨਾਂ ਨੂੰ ਕੋਈ ਤਕਲੀਫ਼ ਨਹੀਂ ਹੋਈ। ਕਈ ਬੰਦਿਆਂ ਨੇ ਕਿਹਾ ਕਿ ਹੋਰ ਕਿਸਮ ਦੀਆਂ ਹਨ। ਇਹ ਜਿਹੜੀ ਗੱਲ ਕਿ ਕਿਹਨੂੰ ਕਿਹੜੀ ਗੱਲ ਦੀ ਤਕਲੀਫ਼ ਹੁੰਦੀ ਹੈ। ਇਹ ਉਹਦੀ ਡਿਫਰੈਂਸ ਕਰਦੀ ਹੈ ਕਿ ਉਹਦੀ ਸੋਚ ਕਿਹੜੀ ਕਲਾਸ ਦੀ ਹੈ। ਮੈਂ ਹੁਣ ਕਲਾਸ ਹੀ ਸ਼ਬਦ ਵਰਤਾਂ ਕਿ ਹੁਣ ਧਾਰਮਿਕ ਕਿਸਮਤ ਦੇ ਕਈ ਲੋਕ ਨੇ ਪਰ ਹੈ ਵਿਚਾਰੇ ਗਰੀਬ ਨੇ, ਉਹਨਾ ਦੀ ਲੁੱਟ ਕਰਦੇ ਨੇ ਅਮੀਰ।

? ਮੇਰਾ ਸਵਾਲ ਸੀ ਜਿਵੇਂ ਇਹ ਧਰਮ ਦੇ ਨਾਂ 'ਤੇ ਗੁੰਮਰਾਹ ਕਰਦੇ ਨੇ, ਉਵੇਂ ਹੀ ਪਹਿਰਾਵੇ ਦੇ ਨਾਂ ਉਤੇ ਵੀ...

- ਹਾਂ ਜੀ, ਤੁਹਾਨੂੰ ਦੱਸਿਆ ਕਿ ਜਿਹੜੇ ਕਾਂਗਰਸੀ ਨੇ ਇਨਾਂ ਦੀ ਜਿਹੜੀ ਗਾਂਧੀ ਟੋਪੀ ਹੈ ਕਈ ਵਾਰੀ ਅਸੀਂ ਟਿਚਕਰ ਕੀਤੀ। ਇਕ ਅੱਧ ਵਾਰ ਮੈਨੂੰ ਕਾਂਗਰਸੀ ਕਿਸੇ ਲੀਡਰ ਨੇ ਕਿਹਾ ਕਿ ਇਹ ਬੜੇ ਵੱਡੇ ਬੰਦੇ ਦੀ ਟੋਪੀ ਸੀ ਗਾਂਧੀ ਟੋਪੀ। ਭਾਅ ਜੀ ਤੁਸੀਂ ਥੋੜਾ ਜਿਹਾ ਖਿਆਲ ਰੱਖਿਆ ਕਰੋ ਇੰਜ ਉਸ ਮੈਨੂੰ ਰਕਿਵੈਸਟ ਕੀਤੀ। ਪਰ ਇਹ ਫੋਰਸਡ ਰਕਿਵੈਸਟ ਮੈਨੂੰ ਆਰ. ਐਸ. ਐਸ. ਵਾਲਿਆਂ ਨੇ ਕੀਤੀ ਜਿਨਾਂ ਦੀ ਫਾਡੀ ਸੋਚ ਹੈ। ਪਿਛਲੇ ਸਾਲ ਮੈਂ ਇਕ ਨਾਟਕ ਕੀਤਾ ਜਦੋਂ ਅਕਾਲੀ ਤੇ ਬੀ. ਜੇ. ਪੀ. ਇਕੱਠੇ ਰਲੇ ਨੇ। ਤੇ ਮੇਰਾ ਇਕ ਪਾਤਰ ਸੀ ਉਹਨੇ ਇਕ ਲੱਤ ਤੇ ਕੱਛਾ ਪਾਇਆ ਸੀ ਤੇ ਇਕ ਲੱਤ 'ਤੇ ਨਿੱਕਰ। ਇਹ ਨਾਟਕ ਸੀ 'ਇਕ ਸੀ ਕਛਿਹਰਾ ਤੇ ਇਕ ਸੀ ਨਿੱਕਰ' ਇਹਦੇ ਵਿਚ ਦੋਵੇ ਪਾਤਰ ਆਪਸ ਵਿਚ ਲੜ ਰਹੇ ਨੇ ਕਿ ਅਸੀਂ ਇਥੇ ਪੰਜਾਬੀ ਲਾਗੂ ਨਹੀਂ ਹੋਣ ਦੇਣੀ ਇਥੇ ਅਸੀਂ ਹਿੰਦੀ ਨਹੀਂ ਹੋਣ ਦੇਣੀ। ਮਤਲਬ ਇਹ ਜਿਸ ਤਰ੍ਹਾਂ ਪਿਛਲੇ 40 ਸਾਲ ਤੋਂ ਲੜਦੇ ਪਏ ਨੇ। ਜਦੋਂ ਇਹ ਨਹੀਂ ਹੋਇਆ ਤਾਂ ਇਹਨਾਂ ਕਿਹਾ ਕਿ ਇਹ ਨਹੀਂ ਪੁੱਗਦੀ ਹੁਣ ਤਾਂ ਕੁਰਸੀ ਦੀ ਗੱਲ ਹੈ। ਦੋਵੇ ਇਕੱਠੇ ਹੋਏ ਤੇ ਇਕ ਲੱਤ ਵਿਚ ਨਿੱਕਰ ਪਾਈ ਹੈ ਤੇ ਲੋਕ ਬੜੇ ਖ਼ੁਸ਼ ਹੋਏ। ਇਹ ਇਕ ਵਿਅੰਗ ਹੈ। ਆਰ. ਐਸ. ਐਸ. ਵਾਲੇ ਨੇ ਕਿਹਾ ਕਿ ਤੁਸੀਂ ਸਾਡੀ ਨਿੱਕਰ ਦੀ ਬੇਇਜ਼ਤੀ ਕੀਤੀ ਹੈ। ਮੈਂ ਕਿਹਾ ਕਿ ਕੱਲ੍ਹ ਉਹ ਕਹਿਣਗੇ ਕਿ ਤੁਸੀਂ ਸਾਡੇ ਕਛਿਹਰੇ ਦੀ ਬੇਇਜ਼ਤੀ ਕੀਤੀ ਹੈ। ਇਹ ਨਾਟਕ ਦੇਸ਼ ਸੇਵਕ ਵਾਲਿਆਂ ਨੂੰ ਛਾਪਣ ਲਈ ਦਿੱਤਾ ਪਰ ਉਹਨਾਂ ਨਹੀਂ ਛਾਪਿਆ।

? ਆ ਦੇਖੋ ਭਾਅ ਜੀ ਪ੍ਰੋ. ਇੰਦੇ ਨੇ ਮੈਨੂੰ ਦਸਿਆ ਕਿ ਪਾਕਿਸਤਾਨ ਵਿਚ ਬੁੱਲ੍ਹੇ ਸ਼ਾਹ ਦੀਆਂ ਕਾਫ਼ੀਆਂ ਨੂੰ ਲੈ ਕੇ ਮੁੱਦਾ ਉਠਿਆ ਕਿ ਇਹ ਇਸਲਾਮ ਵਿਰੋਧੀ ਹੈ। ਤੇ ਕੌਮ ਦੇ ਵਿਰੁੱਧ ਹੈ। ਉਨ੍ਹਾਂ ਇਕ ਪ੍ਰੋ. ਨੂੰ ਕਿਹਾ ਤੇ ਨਿਯੁਕਤ ਕੀਤਾ ਕਿ ਇਹਦੇ ਵਿਚ ਜੋ-ਜੋ ਗਲਤ ਹੈ ਕੱਢ ਦਿਓ। ਉਸ ਪ੍ਰੋਫ਼ੈਸਰ ਨੇ ਕਿਹਾ ਕਿ ਇਹਦੇ ਵਿਚੋਂ ਕੁਝ ਨਹੀਂ ਕੱਢਿਆ ਜਾ ਸਕਦਾ। ਕਿਉਂਕਿ ਇਹ ਸਿੰਬਲਜ ਹੈਗੇ ਐ ਕਿਉਂਕਿ ਪੁਰਾਣੀ ਮਿੱਥ ਨੂੰ ਸਾਹਿਤਕਾਰ ਤੋੜ ਸਕਦਾ। ਫਰਜ਼ ਕਰੋ ਕਿਸੇ ਸਮੇਂ ਕੜਾਹ ਖਾਣਾ ਇਕ ਸਿੰਬਲ ਹੀ ਹੋਵੇ। ਇਹਨੂੰ ਤੋੜ ਸਕਦੇ ਆਂ। ਹੁਣ ਮੈਂ ਤੁਹਾਡਾ ਨਾਟਕ ਵੇਖਿਆ ਉਹਦੇ ਵਿਚ ਉਹ ਸਭ ਕਰਦੇ ਨੇ। ਹੁਣ ਜਿਵੇਂ ਮੰਸਦਾਂ ਨੂੰ ਕੜਾਹ ਖਾਣਾ ਕਿਹਾ ਜਾਂਦਾ ਹੈ ?

• ਇਹ ਕੜਾਹ ਖਾਣਾ ਹੈਗਾ ਹੈ, ਮੇਰੇ ਨਾਟਕ ਵਿਚ। ਇਕ ਡਾਇਲੌਗ ਹੈਗਾ ਨਾ ਕਿ 'ਚਿੱਟਾ ਬੱਗਲਾ, ਲੀਲਾ ਮੋਰ, ਤੂੰ ਵੀ ਚੋਰ, ਮੈਂ ਵੀ ਚੋਰ' ਮੈਂ ਕਦੋਂ ਕਰਵਾਉਂਦਾ ਹਾਂ ਦੰਗਾ। ਇਸ ਹਮਾਮ ਵਿਚ ਮੈਂ ਵੀ ਨੰਗਾ ਤੂੰ ਵੀ ਨੰਗਾ। 'ਜਿੰਨੀ ਰਿਝੇ ਢੱਕੀ, ਉਨ੍ਹਾਂ ਹੀ ਚੰਗਾ।' ਹੁਣ ਜੇ ਕੋਈ ਕਹੇ ਕਿ ਇਹ ਸਾਡੇ ਧਰਮ ਉਤੇ ਅਟੈਕ ਹੈ। ਫਲਾਣੇ ਉਤੇ ਅਟੈਕ...।

? ਮੇਰਾ ਵਿਚਾਰ ਇਹ ਹੈ ਕਿ ਸਾਹਿਤਕਾਰ, ਨਾਟਕਕਾਰ ਜਾਂ ਲੇਖਕ ਇਹ ਅਟੈਕ ਕਰ ਸਕਦਾ ਹੈ। ਈਵਨ ਜਿਹੜੀਆਂ ਧਾਰਮਿਕ ਰੂੜੀਆਂ ਨੇ, ਉਹ ਉਤੇ ਵੀ ਸਾਨੂੰ ਕਿੰਤੂ ਕਰਨਾ ਚਾਹੀਦਾ ਹੈ। ਇਹ ਸਾਡੀ ਵਿਚਾਰ ਦੀ ਅਜ਼ਾਦੀ ਹੈ।

• ਇਕ ਥਾਂ ਇਹਦੇ ਵਿਚ ਆਉਂਦਾ ਹੈ ਕਿ 'ਜੋ ਅੜੇ, ਸੋ ਝੜੇ।' ਇਹ ਸਲੋਗਨ ਸਨ। ਅੱਜ ਇਹਨੂੰ ਗਲਤ ਆਦਮੀ ਵਰਤਣਗੇ, ਇਹਦਾ ਮਤਲਬ ਇਹਨੂੰ ਤੁਸੀਂ ਪਾਰਟੀ ਸਰੋਤ ਵਾਸਤੇ ਵਰਤਦੇ ਪਏ ਹਾਂ।

? ਹਾਂ ਭਾਅ ਜੀ, ਤੁਸੀਂ 40 ਸਾਲਾਂ ਤੋਂ ਸੰਘਰਸ਼ ਕਰਦੇ ਆ ਰਹੇ ਹੋ, ਲੋਕਾਂ ਦੇ ਲਈ, ਲੋਕਾਂ ਦੇ ਮਸਲਿਆਂ ਲਈ। ਤੁਹਾਡੇ ਕਿਹੜੇ ਨਾਟਕ ਨੂੰ ਵੱਡਾ ਰਿਸਪੌਂਸ ਮਿਲਿਆ ਹੈ ਜਾਂ ਆਮ ਨਾਲੋਂ ਵਧੀਆਂ ਕਿਸਮ ਦਾ ਲੱਗਿਆ ਹੋਵੇ ?

• ਦੇਖੋ ਨਾ, ਮੈਂ ਹਿਸਾਬ ਲਗਾਵਾਂ ਤਾਂ ਮੈਂ ਇਨਾਂ 40 ਸਾਲਾਂ ਦੇ ਵਿਚ 6 ਹਜ਼ਾਰ ਤੋਂ ਵੱਧ ਪੇਸ਼ਕਾਰੀਆਂ ਕੀਤੀਆਂ ਨੇ ਅਤੇ ਇਕ ਗੱਲ ਮੈਂ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਕਿਸੇ ਵੀ ਪੇਸ਼ਕਾਰੀਆਂ ਦੇ ਵਿਚ ਕੋਈ ਅਜੇਹੀ ਗੱਲਬਾਤ ਨਹੀਂ ਹੋਈ ਕਿ ਦਰਸ਼ਕਾਂ ਵਿਚੋਂ ਕੋਈ ਬੰਦਾ ਉਠ ਕੇ ਸਵਾਲ ਕਰੇ ਜਾਂ ਇਹਦਾ ਮਤਲਬ ਹੈ ਕਿ ਉਹ ਇਹਨੂੰ ਸੁਣਦੇ ਨੇ ਤੇ ਪਰਵਾਨਗੀ ਦਿੰਦੇ ਨੇ ਤੇ ਸਹਿਮਤ ਨੇ ਤੇ ਜੇ ਸਹਿਮਤ ਨਹੀਂ ਵੀ ਨੇ ਇਸ ਗੱਲ ਨੂੰ ਕਹਿੰਦੇ ਨਹੀਂ ਹਨ। ਮੈਂ ਨਾਟਕ ਪਾਰਟੀਸ਼ਨ ਬਾਰੇ ਵੀ ਬਹੁਤ ਕੀਤੇ ਨੇ ਖਾਸ ਕਰਕੇ ਹਰਚਰਨ ਸਿੰਘ ਦਾ ਨਾਟਕ 'ਇਕ ਮਾਂ ਦੋ ਮੁਲਕ'ਨੂੰ ਬਹੁਤ ਰਿਸਪੌਂਸ ਮਿਲਿਆ। ਇਕ ਅੰਗਰੇਜ਼ੀ ਡਰਾਮਾ 'ਇਕ ਮਾਂ ਇਕ ਬੰਬ' ਨੂੰ ਬਹੁਤ ਪਸੰਦ ਕੀਤਾ ਹੈ। ਇਹਦੇ ਵਿਚ ਇਕ ਔਰਤ ਹੈ ਜਿਹਦਾ ਪਤੀ ਲੜਾਈ ਵਿਚ

ਮਾਰਿਆ ਹੈ। ਉਹਦਾ ਭਰਾ ਜਿਹੜਾ ਕਿ ਬੰਬ ਬਣਾ ਰਿਹਾ ਹੈ ਤੇ ਉਸ ਦੱਸ ਰਿਹਾ ਹੈ ਕਿ ਇਹ ਬੰਬ ਕਿਸ ਤਰ੍ਹਾਂ ਬਣਦਾ ਹੈ। ਅਖ਼ੀਰ ਉਹ ਆਪਣੇ ਭਰਾ ਨੂੰ ਮਾਰ ਦਿੰਦੀ ਹੈ।

ਹੁਣ ਇਹ ਪੀਸ ਕਾਨਫਰੰਸ ਦੀ ਗੱਲ ਹੈ। 1962 ਵੇਲੇ ਚਾਇਨਾ ਦੀ ਵਾਰ ਵੇਲੇ ਜਦੋਂ ਇਹ ਨਾਟਕ ਕੀਤਾ ਤਾਂ ਸਪਨਟੇਨੀਅਸ ਨਾਅਰੇ ਵੀ ਆਏ। ਪਹਿਲਾਂ ਨਾਟਕ ਪਾਰਟੀਸ਼ੀਲ ਬਾਰੇ ਸੀ। ਇਕ 1971 ਦੇ ਵਿਚ ਨਾਨਕ ਸਿੰਘ ਹੋਰਾਂ ਦੇ ਨਾਵਲ ਉਪਰ ਕੀਤਾ। 'ਕੋਈ ਕਰਿਆ ਬੂਟ ਰਹਿਓ ਰੀ' ਜਿਹੜਾ ਇਕ ਵਧੀਆ ਐਕਸਪੈਰੀਮੈਂਟਲ ਪਲੇਅ ਗਿਣਿਆ ਗਿਆ ਸੀ। ਫਿਰ ਇਹ 1975 ਵਿਚ 'ਕਿਵ ਕੂੜੇ ਤੁਟੈ ਪਾਲ' ਐਮਰਜੈਂਸੀ ਦੇ ਵਿਰੁੱਧ ਸੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਲੈ ਕੇ ਸਵਾਲ ਕੀਤਾ ਸੀ ਕਿ ਜਦੋਂ ਸਰਹਿੰਦ ਸ਼ਹਿਰ ਵਿਚ ਬੱਚੇ ਕੰਧਾਂ ਵਿਚ ਚਿਣੇ ਗਏ ਤਾਂ ਸਰਹਿੰਦ ਸ਼ਹਿਰ ਦੇ ਲੋਕ ਕਿਥੇ ਸਨ। ਇਹ ਮੈਂ ਪੰਜਾਬ ਦੇ ਵਿਚ ਬਹੁਤ ਖੇਡਿਆ ਹੈ। ਤਾਂ ਮੈਂ ਇਹ ਸਵਾਲ ਕੀਤਾ ਸੀ ਕਿ ਉਹ ਕਿਥੇ ਸਨ ? ਉਹਨਾਂ ਨੇ ਕਿਉਂ ਇਹ ਜ਼ੁਲਮ ਆਪਣੀਆਂ ਅੱਖਾਂ ਨਾਲ ਤਮਾਸ਼ਾ ਬਣ ਕੇ ਦੇਖਿਆ। ਜੇ ਤਮਾਸ਼ਾ ਬਣ ਕੇ ਦੇਖਿਆ ਤਾਂ ਉਹਨਾਂ ਨੂੰ ਬੜੀ ਵੱਡੀ ਕੀਮਤ ਦੇਣੀ ਪਈ। ਜਦੋਂ ਬੰਦਾ ਸਿੰਘ ਬਹਾਦਰ ਨੇ ਉਸ ਸ਼ਹਿਰ ਦੀ ਇੱਟ ਨਾਲ ਇੱਟ ਵਜਾਈ। ਮੇਰੇ ਲੋਕੋ ਇਹ ਮਤ ਸੋਚੋ ਕਿ ਜ਼ੁਲਮ ਹੋਰਾਂ ਉਤੇ ਹੋ ਰਿਹਾ ਹੈ, ਸਾਨੂੰ ਕੀ। ਕੱਲ੍ਹ ਨੂੰ ਤੁਹਾਡੇ, ਤੁਹਾਡੇ ਬੱਚਿਆਂ, ਤੁਹਾਡੇ ਵਾਰਿਸਾਂ ਨੂੰ ਇਸਦੀ ਕੀਮਤ ਦੇਣੀ ਪੈਣੀ ਹੈ।

? ਕੋਈ ਜਗ੍ਹਾ ਯਾਦ ਆ ਰਹੀ ਹੈ ਜਿਥੇ ਕੋਈ ਬਹੁਤ ਵੱਡਾ ਲੋਕਾਂ ਦਾ ਇਕੱਠ ਹੋਇਆ ਹੋਵੇ ? ਕੋਈ ਯਾਦ ਆ ਰਿਹਾ ਹੈ।

• ਇਕੱਠ ਦਾ ਮਤਲਬ ਕਿ ਤੁਹਾਡੇ ਪਿੰਡ ਕਾਲਾ ਸੰਘਿਆ ਵਿਚ, 1973 ਵਿਚ, ਪੱਚੀ ਜਨਵਰੀ ਦੀ ਰਾਤ ਨੂੰ, ਮੈਨੂੰ ਯਾਦ ਹੈ, ਇਥੇ ਨਾਟਕ ਖੇਡੇ ਸਨ 'ਇਕ ਮਾਂ ਦਾ ਮੁਲਕ' ,ਜਦੋਂ ਰੋਸ਼ਨੀ ਹੁੰਦੀ ਹੈ', ਬੇਮਿਸਾਲ ਇਕੱਠ ਸੀ। ਪ੍ਰੋਗਰਾਮ ਪਸੰਦ ਵੀ ਬੇਹੱਦ ਹੋਇਆ। ਵੱਡੀ ਗਿਣਤੀ ਭਦੌੜ ਵੀ ਦੇਖੀ ਹੈ। ਪ੍ਰਿੰਸੀਪਲ ਰੰਧਾਵਾ ਦੀ ਮੌਤ ਮਗਰੋਂ ਮੈਂ ਜਿਹੜੇ ਨਾਟਕ ਕੀਤੇ ਨੇ 'ਧਮਕ ਨਗਾਰੇ ਦੀ', ਉਦੋਂ ਇਸ ਨਾਟਕ ਨੂੰ ਬਹੁਤ ਵੱਡੀਆਂ ਭੀੜਾਂ ਵੇਖਣ ਆਈਆਂ ਨੇ। ਬਰਨਾਲੇ ਦੇ ਇਲਾਕੇ ਵਿਚ ਤੇ ਇਸ ਨਾਟਕ ਨੇ ਆਪਣੀ ਹਿਸਟਰੀ ਕ੍ਰਿਏਟ ਕੀਤੀ ਹੈ। ਲੋਕਾਂ ਨੇ ਇਹਨੂੰ ਪਸੰਦ ਬਹੁਤ ਕੀਤਾ, ਮੈਂ ਜਦੋਂ ਕੈਨੇਡਾ ਗਿਆ ਹਾਂ ਉਥੇ ਆਤਮਜੀਤ ਹੋਰੀਂ ਵੀ ਬੜੇ ਚੰਗੇ ਪਲੇਅ ਕਰਕੇ ਆਏ ਨੇ। ਕੈਮਪਲੂਪਸ ਦੀਆਂ ਮੱਛੀਆਂ ਨਾਟਕ ਦੀ ਵੀ ਬੜੀ ਚਰਚਾ ਸੀ ਤੇ ਅੱਛੀ ਪ੍ਰੋਡਕਸ਼ਨ ਸੀ। ਪਰ ਮੇਰੇ ਵੀ ਇਥੇ ਪਲੇਅ ਹੋਏ ਨੇ, ਹਾਊਸ ਫੁੱਲ ਰਹੇ ਨੇ। ਲੋਕ ਵਾਪਸ ਗਏ ਨੇ। ਉਥੇਓਵਰ ਕਰਾਉਡਿੰਗ ਨਹੀਂ ਹੋ ਸਕਦੀ। ਉਥੇ ਅਸੂਲ ਨੇ ਕਿ ਇਸ ਤੋਂ ਵੱਧ ਬੰਦਾ ਨਹੀਂ ਆ ਸਕਦਾ।

ਇਹ ਤਾਂ ਹੀ ਹੈ ਮੇਰੇ ਪਿੰਡਾਂ ਦੇ ਵਿਚ ਪਾਪੋਲੈਰਿਟੀ ਸੀ। ਤਾਂ ਉਹ ਬਾਅਦ ਵਿਚ

ਮੈਨੂੰ ਮਿਲਦੇ ਤੇ ਕਹਿੰਦੇ ਅਸੀਂ ਭਾਅ ਜੀ ਤੁਹਾਨੂੰ ਫਲਾਣੇ ਪਿੰਡ ਬੁਲਾਇਆ ਸੀ। ਇਸ ਕਰਕੇ ਮੇਰੇ ਨਾਟਕਾਂ ਦਾ ਬਹੁਤ ਭਾਰੀ ਸਵਾਗਤ ਹੋਇਆ ਹੈ ਤੇ ਇਹ ਇਸ ਕਰਕੇ ਹੋਇਆ ਕਿਉਂਕਿ ਇਹ ਲੋਕ ਪੱਖੀ ਸਨ। ਇਸੇ ਤਰ੍ਹਾਂ ਭਾਈ ਮੰਨਾ ਸਿੰਘ ਸੀ, ਇਸ ਦਾ ਵੀ ਬਹੁਤ ਸਵਾਗਤ ਹੋਇਆ।

? ਭਾਈ ਮੰਨਾ ਸਿੰਘ ਤੋਂ ਬਿਨਾਂ ਇਕ ਹੋਰ ਵੀ ਸੀਰੀਅਲ ਸੀਗਾ ?

• ਦਾਸਤਾਨ-ਏ-ਪੰਜਾਬ।

? ਇਹਦੀਆਂ ਕਿੰਨੀਆਂ ਕਿਸ਼ਤਾਂ ਸਨ ?

• ਪੰਜ ਕਿਸ਼ਤਾਂ।

? ਭਾਈ ਮੰਨਾ ਸਿੰਘ ਦੀਆਂ ?

• ਇਹਦੀਆਂ 17 ਕਿਸ਼ਤਾਂ ਸਨ।

? ਕਿਸੇ ਫਿਲਮ ਵਿਚ ਵੀ ਤੁਸੀਂ ਰੋਲ ਕੀਤਾ ?

• ਹਾਂ ਮੈਂ ਇਕ ਫਿਲਮ ਵਿਚ 'ਮਨ ਜੀਤੇ ਜਗ ਜੀਤ' ਵਿਚ ਕੀਤਾ।

? ਹੋਰ ਕਿਸੇ ਵਿਚ ਵੀ ਕੀਤਾ ?

• ਹਾਂ ਹੋਰ ਵਿਚ ਵੀ ਕੀਤਾ, ਪਰ 'ਮਨ ਜੀਤੇ ਜਗ ਜੀਤ' ਵਿਚ ਮੇਜਰ ਰੋਲ ਸੀ।

? ਹਾਂ ਜੀ ਭਾਅ ਜੀ, ਮੈਂ ਤੁਹਾਡੇ ਨਾਲ ਅੱਜ ਅੰਤਿਮ ਗੱਲ ਕਰਨਾ ਚਾਹੁੰਦਾ ਹਾਂ। ਇਹ ਜੋ ਵਿਚਾਰ ਦੇ ਪ੍ਰਗਟਾਅ ਦੀ ਅਜ਼ਾਦੀ ਹੈ, ਇਹਦੇ ਬਾਰੇ ਸਮੁੱਚੇ ਤੌਰ 'ਤੇ ਜਿਵੇਂ ਲੋਕਾਂ ਦੀ ਸਮਝ ਬਣਾਉਣੀ ਹੋਵੇ, ਕੀ ਹੈ ? ਕਿਉਂਕਿ ਸਾਡੇ ਤੇ ਇਹ ਵੀ ਇਲਜ਼ਾਮ ਲਗਦਾ ਹੈ ਕਿ ਜਦੋਂ ਤੁਸੀਂ ਆਵੋਗੇ ਤਾਂ ਤੁਸੀਂ ਵੀ ਇਹੀ ਕਰੋਗੇ। ਆਪਾਂ ਇਹਨੂੰ ਕਿੱਦਾ ਸੰਕਲਪ ਬਣਾਈਏ, ਕਿੱਦਾਂ ਇਕ ਪ੍ਰੀਭਾਸ਼ਾ ਦੇਈਏ ਕਿ ਆਹ ਇਹ ਵਿਚਾਰ ਦੀ ਅਜ਼ਾਦੀ ਹੈ ?

• ਦੇਖੋ, ਹੁਣ ਵਿਚਾਰ ਦੀ ਅਜ਼ਾਦੀ ਜੋ ਹੈ, ਇਹਦੇ ਨਾਲ ਜੇ ਵਾਲਾ ਸ਼ਬਦ ਨਹੀਂ ਵਰਤਿਆ ਜਾਂਦਾ। ਵਿਚਾਰ ਦੀ ਅਜ਼ਾਦੀ ਦਾ ਮਤਲਬ ਹੈ ਵਿਚਾਰ ਦੀ ਅਜ਼ਾਦੀ। ਔਰ ਜੇ ਤੁਸੀਂ ਇਹਦੇ ਨਾਲ ਸਹਿਮਤ ਨਹੀਂ ਹੋ ਤਾਂ ਤੁਸੀਂ ਉਹਦਾ ਜੁਆਬ ਵਿਚਾਰਾਂ ਵਿਚ ਦਿਓ। ਕਿਨ੍ਹਾਂ ਦਾ ਜੁਆਬ ਦੇਣਾ ਹੈ ਤੇ ਕਿਨ੍ਹਾਂ ਦਾ ਨਹੀਂ ਦੇਣਾ ਇਹਦੀ ਇਕ ਬਹੁਤ ਵੱਡੀ ਮਿਸਾਲ ਹੈ। ਕਿ ਜਦੋਂ ਫਰਾਂਸ ਦਾ ਇਨਕਲਾਬ ਸੀ ਤਾਂ ਉਹਦਾ ਵੀ ਕਰਿਟੀਸੀਜ਼ਮ ਆਉਂਦਾ ਸੀ। ਇਨਕਲਾਬੀ ਇਹ ਸੁਆਲ ਪੁੱਛਦੇ ਸਨ ਕਿ ਕਿਹੜੇ ਪਲੇਟਫਾਰਮ ਤੋਂ ਆਇਆ ? ਕੌਣ ਬੋਲ ਰਿਹਾ ਹੈ ? ਤਾਂ ਜਦੋਂ ਉਹਨਾਂ ਨੂੰ ਪਤਾ ਲਗਦਾ ਕਿ ਇਹ ਦੁਸ਼ਮਣ ਬੋਲ ਰਿਹਾ ਤਾਂ ਉਹ ਉਹਦਾ ਜੁਆਬ ਦੁਸ਼ਮਣ ਵਾਕੁਣ ਦਿੰਦੇ ਸਨ। ਇਕ ਹੁੰਦਾ ਸੀ ਕਿ ਉਹ ਹੈ ਸਾਡਾ ਹਮੈਤੀ ਪਰ ਸਾਡੀਆਂ ਗਲਤੀਆਂ ਪੁਆਇੰਟ ਕਰ ਰਿਹਾ ਹੈ, ਉਹਦਾ ਜੁਆਬ ਉਹ ਉਸ ਤਰ੍ਹਾਂ ਮਿੱਤਰਾਂ ਵਾਂਗ ਦਿੰਦੇ ਸਨ। ਉਹ ਉਹਦੀ ਗੱਲ ਸੁਣਦੇ ਸਨ। ਇਸ ਤਰ੍ਹਾਂ ਵਿਚਾਰ ਦੀ ਜਿਹੜੀ ਅਜ਼ਾਦੀ ਹੈ ਇਹ ਸਾਰੀ ਦੁਨੀਆਂ ਵਿਚ ਮਿੱਥੀ ਜਾਂਦੀ ਹੈ। ਇਹ ਕਿਸੇ ਦਾ ਹੱਕ

ਨਹੀਂ ਹੈ ਕਿ ਕਿਸੇ ਦੀ ਬੋਲਣ ਸ਼ਕਤੀ ਨੂੰ ਦਬਾਉਣਾ ਪਵੇ। ਇਹ ਗੱਲ ਮੰਨ ਲੈਣੀ ਚਾਹੀਦੀ ਹੈ ਕਿ ਕਮਿਊਨਿਸਟ ਰੀਜ਼ੀਮ ਦੇ ਵਿਚ ਵੀ ਗਲਤੀਆਂ ਸਨ। ਕਿਸੇ ਲੇਖਕ ਦੇ ਉਪਰ ਜੋ ਉਨ੍ਹਾਂ ਪ੍ਰਤੀਬੰਧ ਲਗਾਇਆ ਤਾਂ ਉਹਨਾਂ ਨੂੰ ਮੰਨ ਜਾਣਾ ਚਾਹੀਦਾ ਹੈ ਕਿ ਉਹ ਗਲਤ ਸਨ।

? ਇਹਦਾ ਮਤਲਬ ਵਿਚਾਰ ਦੀ ਅਜ਼ਾਦੀ ਦਾ ਇਹ ਕਿ ਤੁਸੀਂ ਜੋ ਮਰਜ਼ੀ ਲਿਖ ਸਕਦੇ ਹੋ ?

• ਹਾਂ ਤੁਸੀਂ ਲਿਖ ਸਕਦੇ ਹੋ।

? ਵਿਦਹਿੰਨ ਲਿਮੀਟੇਸ਼ਨ ਜਾਂ ਵਿਦਆਊਟ ਐਨੀ ਲਿਮੀਟੇਸ਼ਨ ?

• ਨਹੀ, ਵਿਦਾਊਟ ਲਿਮੀਟੇਸ਼ਨ...ਜਿਹੜੀਆਂ ਨੇ, ਫਰਜ਼ ਕਰੋ ਕਿ ਕੋਈ ਲਿਖਣਾ ਚਾਹੁੰਦਾ ਹੈ। ਕੌਣ ਇਹਨੂੰ ਛਾਪੇਗਾ ? ...ਜਿਹੜਾ ਛਾਪੇਗਾ ਉਹ ਫਿਰ ਸਟੇਟ ਜਿਹੜੀ ਹੈਗੀ ਹੈ ਸਮਝੇਗੀ ਕਿ ਕਿਹੜਾ ਦੁਸ਼ਮਣ ਤੇ ਕਿਹੜਾ ਦੂਸਰਾ ਹੈ। ਇਹਦੇ ਜੁਆਬ ਦੇਣਗੇ। ਇਹਦੇ ਬਹਾਨੇ ਵਿਚਾਰ ਦੀ ਅਜ਼ਾਦੀ ਦਬਾਈ ਨਹੀਂ ਜਾਣੀ ਚਾਹੀਦੀ।

? ਜਿੱਦਾਂ ਹੁਣ ਲੱਚਰ ਸਾਹਿਤ ਹੈ, ਬਜ਼ਾਰੂ ਸਾਹਿਤ ਹੈ, ਅਸੀਂ ਚਾਹੁੰਦੇ ਹਾਂ ਕਿ ਇਹ ਬੈਨ ਹੋਵੇ।

• ਨਹੀਂ ਅਸੀਂ ਇੰਜ ਨਹੀਂ ਚਾਹਾਂਗੇ ਕਿ ਇਹ ਬੈਨ ਹੋਵੇ। ਅਸੀਂ ਇਹ ਕਰਾਂਗੇ ਕਿ ਇਸ ਸਾਹਿਤ ਨੂੰ ਜਿਹੜੀ ਤਾਕਤ ਦਿੰਦੀ ਹੈ, ਕਲਚਰ, ਉਸ ਕਲਚਰ ਦਾ ਮੁਕਾਬਲਾ ਕੀਤਾ ਜਾਵੇ। ਤੁਹਾਨੂੰ ਯਾਦ ਹੋਣਾ ਅੱਜ ਤੋਂ ਤਿੰਨ ਸਾਲ ਪਹਿਲਾਂ, ਜਦੋਂ ਇਹ ਅੱਤਵਾਦ ਦਾ ਦੌਰ ਖਤਮ ਹੋਇਆ, ਇਕਦਮ ਬਿੱਟਾ ਹੋਇਆ ਜਾਂ ਦੂਜੇ ਕਾਂਗਰਸੀਆਂ ਨੇ ਸਭਿਆਚਾਰਕ ਮੇਲਿਆਂ 'ਤੇ ਬੜੀਆਂ ਵੱਡੀਆਂ ਗੱਲਾਂ ਕੀਤੀਆਂ। ਤੇ ਮੈਨੂੰ ਕਿਸੇ ਕਿਹਾ ਕਿ ਅੱਜ ਕੱਲ੍ਹ ਦੇ ਭਾਅ ਜੀ ਤੋਂ ਡਰਾਮੇ ਨਹੀਂ ਹੋ ਸਕਣਗੇ ਕਿਉਂਕਿ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਉਥੇ ਜਾਂ ਰਹੇ ਨੇ। ਉਹ ਸੁਣਨਾ ਚਾਹੁੰਣ ਤਾਂ ਸੁਣਨ। ਫਰਜ਼ ਕਰੋ ਕੋਈ ਸੁਣਨਾ ਚਾਹੇ ਗਲਤ, ਅਸੀਂ ਉਹਨੂੰ ਮਨਾਂ ਥੋੜ੍ਹੀ ਕਰ ਸਕਦੇ ਹਾਂ। ਪਰ ਅਸੀਂ ਉਹਦਾ ਆਲਟਰਨੇਟਿਵ ਦਿਆਂਗੇ। ਹੁਣ ਲਗਦਾ ਪਿਆ ਕਿ ਪੰਜਾਬ ਦੇ ਵਿਚ ਇਸ ਤਰ੍ਹਾਂ ਦਾ ਹੋ ਗਿਆ ਹੈ। ਮੈਨੂੰ ਅੱਜ ਹੀ ਗੁਰਪਾਲ ਲਿਟ ਦੱਸ ਰਿਹਾ ਸੀ ਕਿ ਭਾਦਸੋਂ ਮੇਲਾ ਆਇਆ ਤਾਂ ਕਿਸੇ ਵੀ ਸਿੰਗਰ ਨੇ ਕੋਈ ਲੱਚਰ ਗਾਣਾ ਗਾਉਣ ਦੀ ਹਿੰਮਤ ਨਹੀਂ ਕੀਤੀ। ਮੈਂ ਪੁੱਛਿਆ ਉਥੇ ਟੱਬਰ ਆਏ ਸਨ, ਤਾਂ ਕਹਿੰਦਾ ਟੱਬਰਾਂ ਦੇ ਟੱਬਰ ਆਏ ਸਨ। ਅਸੀਂ ਇਹ ਨਹੀਂ ਚਾਹਾਂਗੇ ਕਿ ਜਿਹੜਾ ਲੱਚਰ ਸਾਹਿਤ ਲਿਖਣ ਵਾਲਾ ਹੈ, ਉਹਨੂੰ ਤੁਸੀਂ ਜੇਲ੍ਹ ਵਿਚ ਸੁੱਟ ਦਿਓ। ਅਸੀਂ ਨਹੀਂ ਛਾਪਾਂਗੇ।

? ਲੋਕਾਂ ਨੂੰ ਸਮਝਾਵਾਂਗੇ।

• ਹਾਂ ਸਮਝਾਵਾਂਗੇ। ਇਹ ਲੜਾਈ ਅੱਜ ਤੋਂ ਪੰਜਾਹ ਸਾਲ ਪਹਿਲਾਂ ਹੋਰ ਗੱਲ ਸੀ।

ਹੁਣ ਇਹ ਜਿਹੜੀ ਫ੍ਰੀਡਮ ਹੈ ਇਹ ਐਵਸਲਿਊਟ ਚੀਜ਼ ਹੈ। ਇਹਦੇ ਬਾਰੇ ਇਫਸ ਐਂਡ ਬਟਸ ਕੋਈ ਨਹੀਂ ਚਾਹੀਦੀ। ਇਹ ਇਹੋ ਜਿਹਾ ਹੋਵੇ। ਇਹ ਕਿਹੋ ਜਿਹਾ ਹੋਵੇ। ਜੇ ਇਹੋ ਜਿਹੇ ਪ੍ਰਤੀਬੰਧ ਲਾਉਣੇ ਸ਼ੁਰੂ ਕੀਤੇ ਤਾਂ ਫਿਰ ਇਹ ਸਟੇਟਸ ਕੋ ਜਾਂ ਪਰਿਵਲਿਜ਼ਡ ਜਮਾਤਾਂ ਹਮੇਸ਼ਾਂ ਇਹਨੂੰ ਆਪਣੇ ਵਾਸਤੇ ਇਸਤੇਮਾਲ ਕਰਨਗੀਆਂ। ਵਿਚਾਰ ਦੀ ਅਜ਼ਾਦੀ ਉਤੇ ਕੋਈ ਵੀ ਬੰਦਿਸ਼ ਗਲਤ ਹੈ। ਕੋ ਜਾਂ ਪਰਿਵਲਿਜ਼ਡ ਜਮਾਤਾਂ ਹਮੇਸ਼ਾ ਇਹਨੂੰ ਆਪਣੇ ਵਾਸਤੇ ਇਸਤੇਮਾਲ ਕਰਨਗੀਆਂ। ਵਿਚਾਰ ਦੀ ਅਜ਼ਾਦੀ ਉਤੇ ਕੋਈ ਵੀ ਬੰਦਿਸ਼ ਗਲਤ ਹੈ।

# ਗੁਰਸ਼ਰਨ ਸਿੰਘ ਬਨਾਮ 'ਰੰਗਮੰਚ'

*ਲੋਕ-ਨਾਇਕ ਅਤੇ ਨੁੱਕੜ-ਨਾਟਕਕਾਰ ਗੁਰਸ਼ਰਨ ਸਿੰਘ ਦਾ ਲੋਕਾਂ ਵਿਚ ਆ ਕੇ ਨਾਟਕ ਖੇਡਣ ਦਾ ਵਿਸ਼ਾਲ ਅਨੁਭਵ ਹੈ। ਪਿਛਲੇ ਦਿਨ ਸੰਗੀਤ ਨਾਟ-ਅਕਾਦਮੀ ਦੇ ਚੰਡੀਗੜ੍ਹ ਵਿਖੇ ਦਫ਼ਤਰ ਵਿਚ ਉਨ੍ਹਾਂ ਨਾਲ ਇਕ ਵਿਸ਼ੇਸ਼ 'ਰੰਗਮੰਚ ਸੰਵਾਦ' ਹੋਇਆ, ਜਿਸ ਵਿਚ ਉਨ੍ਹਾਂ ਨੇ ਨੁੱਕੜ-ਨਾਟ ਦੀ ਵਿਧਾ, ਮਹੱਤਤਾ ਤੇ ਲੋੜ ਬਾਰੇ ਅਤੇ ਪੰਜਾਬੀ ਨੁੱਕੜ-ਨਾਟ ਦੀ ਸਥਿਤੀ ਬਾਰੇ ਵਿਸਤ੍ਰਿਤ ਵਿਚਾਰ 'ਰੰਗਮੰਚ' ਨਾਲ ਸਾਂਝੇ ਕੀਤੇ ਜੋ ਅਸੀਂ 'ਰੰਗਮੰਚ' ਦੇ ਪਾਠਕ ਰੰਗਕਰਮੀਆਂ ਲਈ ਪ੍ਰਕਾਸ਼ਿਤ ਕਰ ਰਹੇ ਹਾਂ।*

? ਇਹ ਇਕ ਆਮ ਸਵਾਲ ਹੈ ਜੋ ਤੁਹਾਡੇ ਸੰਦਰਭ ਵਿਚ ਉੱਠਦਾ ਹੈ, ਭਾਅ ਜੀ, ਤੁਸੀਂ ਪ੍ਰੋਸੀਨੀਅਮ ਤੋਂ ਨੁੱਕੜ ਤਕ ਆਉਣ ਦੀ ਲੋੜ ਕਿਉਂ ਮਹਿਸੂਸ ਕੀਤੀ ?

• ਵੱਡੀ ਗੱਲ ਤਾਂ ਇਸ ਵਿਚ ਵੇਖਣ ਵਾਲੀ ਇਹ ਹੈ ਕਿ ਮੈਂ ਪ੍ਰੋਸੀਨੀਅਮ ਵਿਚ ਰਿਹਾ ਹੀ ਕਦੋਂ ਹਾਂ। ਮੇਰੀ ਤਾਂ ਆਰੰਭਿਕ ਰੁਚੀ ਹੀ 'ਥੜਾ' ਰਹੀ ਏ ਤੇ ਮੈਂ ਪ੍ਰੋਸੀਨੀਅਮ ਨੂੰ ਵੀ ਥੜੇ ਵਾਂਗ ਹੀ ਪ੍ਰਯੋਗ ਕੀਤਾ ਏ। ਭਾਵੇਂ ਉਹ ਕਮਾਨੀ ਆਡੀਟੋਰੀਅਮ ਰਿਹਾ ਹੋਵੇ, ਚਾਹੇ ਪ੍ਰਿਥਵੀ ਥੀਏਟਰ ਤੇ ਚਾਹੇ ਇੰਗਲੈਂਡ, ਕੈਨੇਡਾ ਦੇ ਹਾਲ। ਮੇਰੀ ਲੋੜ ਤਾਂ ਉਥੋਂ ਦੀਆਂ ਸੀਟਾਂ ਤੇ ਥੜੇ ਤਕ ਸੀਮਤ ਰਹੀ ਏ। ਇਹ ਗੱਲ ਸਵੀਕਾਰ ਕਰਨ ਵਿਚ ਮੈਨੂੰ ਕੋਈ ਇਤਰਾਜ਼ ਨਹੀਂ ਕਿ ਮੈਂ ਇਨ੍ਹਾਂ ਥੀਏਟਰਾਂ ਨੂੰ ਤਕਨੀਕੀ ਤੌਰ 'ਤੇ ਇਸਤੇਮਾਲ ਨਹੀਂ ਕਰ ਸਕਦਾ। ਸੋ ਮੈਂ ਕਿਸੇ ਨਾਟਕ ਦੀ ਸਿਰਜਣਾ/ਡਿਜ਼ਾਇਨਿੰਗ ਵੇਲੇ ਹੀ 'ਥੜੇ' ਦਾ ਖਿਆਲ ਰੱਖਦਾ ਹਾਂ। ਮੇਰੀ ਤਾਂ ਇੱਛਾ ਵੱਧ ਤੋਂ ਵੱਧ ਲੋਕਾਂ ਤਕ ਪਹੁੰਚਣ ਦੀ ਏ। ਲੋਕ ਜਦੋਂ ਮੇਰੇ ਥੀਏਟਰ 'ਚ ਨਹੀਂ ਆਏ, ਮੈਂ ਥੀਏਟਰ ਨੂੰ ਲੋਕਾਂ ਵਿਚ ਲੈ ਗਿਆ...

? ਕੀ ਪ੍ਰੋਸੀਨੀਅਮ ਤੋਂ ਨੁੱਕੜ ਤਕ ਆਉਣ ਦੇ ਸਫਰ ਵਿਚ ਥੀਏਟਰੀ-ਮਾਨਤਾਵਾਂ ਨੂੰ ਸੱਟ ਨਹੀਂ ਵੱਜੀ ?

• ਅਸਲ ਵਿਚ ਮੈਂ ਡਿਜ਼ਾਇਨਿੰਗ ਵੇਲੇ ਹੀ ਇਸ ਨੁਕਤੇ ਬਾਰੇ ਸੁਚੇਤ ਰਿਹਾ ਹਾਂ। ਸੋ ਮੈਂ ਨੁੱਕੜ ਦੀ ਵੀ ਇਕ ਨਵੀਂ ਫਾਰਮ ਘੜੀ, ਜਿਸ ਵਿਚ ਨੁੱਕੜ ਅਤੇ ਪ੍ਰੋਸੀਨੀਅਮ ਦੋਹਾਂ ਲਈ ਥਾਂ ਸੀ ਅਤੇ ਕਿਉਂਕਿ ਮੇਰੇ ਨਾਟਕ ਇਨਾਂ ਦੋਹਾਂ ਲਈ ਸਨ, ਮੇਰੇ ਨਾਟਕਾਂ ਨੂੰ ਪ੍ਰੋਸੀਨੀਅਮ ਤੋਂ ਉਸ ਤਰ੍ਹਾਂ ਨੁੱਕੜ ਤਕ ਨਹੀਂ ਜਾਣਾ ਪਿਆ ਕਿ ਇਨ੍ਹਾਂ ਨਾਲ

ਸੰਬੰਧਿਤ ਥੀਏਟਰੀ -ਮਾਨਤਾਵਾਂ ਨੂੰ ਸੱਟ ਵੱਜਦੀ। 'ਟੋਆ' ਨਾਟਕ ਦੀ ਇਸ ਸੰਬੰਧੀ ਮਿਸਾਲ ਲਈ ਜਾ ਸਕਦੀ ਏ ਪਰ ਫਿਰ ਵੀ 'ਫਾਰਮ' ਤੇ ਮੈਨੂੰ ਕਿਸੇ ਹੱਦ ਤਕ ਕੰਮਪਰੋਮਾਈਜ਼ ਕਰਨਾ ਪਿਆ ਏ। ਨੁੱਕੜ 'ਤੇ ਨਾਟਕ ਕਰਨ ਦੀ ਆਦੀ ਹੋਣ ਕਰਕੇ ਮੇਰੇ ਅਭਿਨੇਤਾ ਸਟੇਜ ਅਤੇ ਟੀ. ਵੀ. ਦੇ ਲਾਊਡਨੈੱਸ ਦੇ ਸ਼ਿਕਾਰ ਹੋ ਕੇ ਅਭਿਨੈ ਨਾਲ ਜੁੜੀਆਂ ਮਾਨਤਾਵਾਂ ਲਈ ਸਵਾਲ ਖੜੇ ਕਰ ਦਿੰਦੇ ਨੇ।

? ਕੀ ਥੀਏਟਰ ਜਿਹੇ ਜਬਰਦਸਤ ਸੰਚਾਰ ਮਾਧਿਅਮ ਨੂੰ ਗਲੀਆਂ ਵਿਚ ਲੈ ਜਾਣ ਦੀ ਪ੍ਰਕ੍ਰਿਆ ਇਸਨੂੰ ਸਸਤਿਆਂ ਨਹੀਂ ਰਹੀ...?

• ਨਹੀਂ...ਮੇਰੇ ਖਿਆਲ ਅਨੁਸਾਰ ਸਟੇਜ ਤੇ ਨੁੱਕੜ ਦੋਹਾਂ ਦੀਆਂ ਆਪਣੀਆਂ ਮਾਨਤਾਵਾਂ ਹਨ। ਤੁਹਾਨੂੰ ਇਹ ਵੇਖਣਾ ਪਵੇਗਾ ਕਿ ਕਿਹੜੇ ਨਾਟਕ ਹਨ ਜੋ ਨੁੱਕੜ ਤੇ ਜਾਣ ਦੇ ਯੋਗ ਹਨ। ਕੁਝ ਨਾਟਕ ਹੀ ਹੋਣਗੇ ਜੋ ਨੁੱਕੜ ਤੇ ਜਾਣਗੇ, ਬਾਕੀ ਸਟੇਜ ਲਈ ਰਹਿਣਗੇ। ਇਸ ਲਈ ਸਟੇਜ ਦਾ ਥੀਏਟਰ ਨੂੰ ਇਸ ਵਿਧਾ ਦਾ ਕੋਈ ਨੁਕਸਾਨ ਨਹੀਂ। ਮੈਂ ਸਮਝਦਾ ਹਾਂ।

? ਕੀ ਤੁਸੀਂ ਇਹ ਨਹੀਂ ਸਮਝਦੇ ਕਿ ਨੁੱਕੜ-ਨਾਟਕ ਦੀ ਵਿਧਾ ਸਾਹਿਤ/ਕਲਾ ਰਾਹੀਂ ਪ੍ਰਚਾਰ ਕਰਨ ਦੀ ਰੁਚੀ ਦੀ ਸਿਖਰ ਜਾਪਦੀ ਹੈ ?

• ਮੈਂ ਅਕਸਰ ਇਹ ਗੱਲ ਮੰਨੀ ਹੈ, ਇਹ ਸਟੇਟਮੈਂਟ ਦਿੱਤੀ ਹੈ ਕਿ ਇਨਕਲਾਬ ਮੇਰੇ ਲਈ ਨਾਅਰਾ ਨਹੀਂ, ਹਕੀਕਤ ਹੈ। ਗੁੱਝੀ ਗੱਲ ਕਰਨ ਦੀ ਲੋੜ ਉਸਨੂੰ ਪੈਂਦੀ ਹੈ ਜੋ ਆਪਣੀ ਵਿਚਾਰਧਾਰਾ ਲਈ ਸਪੱਸ਼ਟ ਨਹੀਂ ਏ...(ਆਪਣੇ ਵਿਸ਼ੇਸ਼ ਅੰਦਾਜ਼ ਵਿਚ ਭਾਵੁਕ ਹੁੰਦਿਆਂ) ਅਸੀਂ ਸਪੱਸ਼ਟ ਹਾਂ, ਇਸ ਸਮਾਜਿਕ ਅਨਿਆਏ ਬਾਰੇ ਬਿਲਕੁਲ ਸਪੱਸ਼ਟ ਹਾਂ। ਸਾਨੂੰ ਆਪਣਾ ਤੇ ਆਪਣੇ ਵਰਗੇ ਲੱਖਾਂ ਕਰੋੜਾਂ ਮਿਹਨਤਕਸ਼ ਲੋਕਾਂ ਦਾ ਅੱਜ ਤੇ ਕੱਲ੍ਹ ਸਪੱਸ਼ਟ ਨਜ਼ਰ ਆਉਂਦਾ ਹੈ। ਫਿਰ ਕਿਉਂ ਨਾ ਅਸੀਂ ਖੁਲ੍ਹ ਕੇ ਆਪਣੀ ਗੱਲ ਕਹਿ ਸਕੀਏ। ਜੇ ਸੌ ਲੋਕ ਵੀ ਇਤਰਾਜ਼ ਕਰਦੇ ਹਨ ਤਾਂ ਮੈਂ ਇਨਾਂ ਸੌਆਂ ਪਿੱਛੇ ਲੱਖਾਂ-ਕਰੋੜਾਂ ਨੂੰ ਕਿਉਂ ਛੱਡਾਂ। ਮੈਂ ਇਤਰਾਜ਼ ਕਰਨ ਵਾਲਿਆਂ ਨੂੰ ਕੰਡੰਮ ਨਹੀਂ ਕਰਦਾ। ਨਾਲੇ ਮੈਂ ਕਿਹੜਾ ਆਪਣੇ ਆਪ ਨੂੰ ਉਨ੍ਹਾਂ ਤੇ ਠੋਸਦਾ ਹਾਂ। ਮੇਰਾ ਥੀਏਟਰੀ ਵਿਚ ਇਕ ਨਵਾਂ ਈਡੀਅਮ ਲੱਭਿਆ ਏ...ਇਹ 'ਥੜੇ' ਦਾ ਈਡੀਅਮ ਏ, ਅਵਾਮੀ ਰੰਗਮੰਚ ਦਾ ਈਡੀਅਮ ਏ... ਮੈਂ ਪਿੰਡਾਂ ਤੇ ਸਮਾਜ ਦੇ ਉਨ੍ਹਾਂ ਥੱਲੜੇ ਲੋਕਾਂ ਬਾਰੇ ਇਸ ਈਡੀਅਮ ਨਾਲ ਗੱਲ ਕੀਤੀ ਏ... ਜੋ ਹੋਰ ਨਹੀਂ ਕਰ ਸਕਦੇ। ਉਨ੍ਹਾਂ ਵਿਚ ਜਜ਼ਬਿਆਂ ਦਾ ਉਭਾਰ, ਉਨ੍ਹਾਂ ਨੂੰ ਹਸਾਉਣਾ-ਰੁਵਾਉਣਾ ਇਹ ਸਭ ਮੇਰੇ ਉਸ ਈਡੀਅਮ ਦਾ ਹਿੱਸਾ ਨੇ ਸਾਡੇ ਆਉਣ ਵਾਲੇ ਰੰਗਕਰਮੀਆਂ ਨੂੰ ਚਾਹੀਦਾ ਏ ਕਿ ਉਹ ਪੇਂਡੂ ਥੀਏਟਰ ਬਾਰੇ ਸੋਚਣ, ਖੋਜ ਕਰਨ ਸਾਡਾ ਅਸਲੀ ਥੀਏਟਰ ਇਹੀ ਏ।

? ਕੀ ਪ੍ਰੋਸੀਨੀਅਮ ਦੇ ਮੁਕਾਬਲੇ ਇਸ ਸੜਕ-ਤਮਾਸ਼ਾ ਨੁਮਾ ਥੀਏਟਰ ਦੀ ਵਿਚਾਰ ਧਾਰਾ ਨੂੰ ਲੋਕ ਮਦਾਰੀ ਖੇਡੇ ਦੇ ਵਿਪਰੀਤ ਗੰਭੀਰਤਾ ਨਾਲ ਲੈਂਦੇ ਹਨ ?